ਹਰੀਸਿੰਘ ਨੂੰ ਸੁਨਿਆ ਹੋਯਾ ਹੈ ਕੀ ਓਹ ਕੈਸਾ ਦਲੇਰ ਫੌਜਦਾਰ ਹੈ । ਉਸੇ ਵਾਵਰੋਲੇ ਦੇ ਪਲੋਪਲੀ ਵਿੱਚਹੀ ਸੈਕੜੇ ਸੁਵਾਰ ਦਿਸਨ ਲਗ ਪਏ, ਤੇ ਘਟਾ ਵਾਗੂੰ ਫੁਰਤੀ ਨਾਲ ਖਿਲਰ ਕੇ ਚੜ੍ਹ ਆਏ ਤੇ ਪਹਿਲੇ ਹੀ ਹੱਲੇ ਵਿੱਚ ਮੇਰੀ ਫੌਜ ਨੂੰ ਤਬਾਹ ਕਰ ਦਿੱਤਾ। ਉਸਦੀ ਲੜਾਈ ਤੇ ਦਲੇਰੀ ਦੇ ਐਸੇ ਕਰਤਬ ਦੇਖੇ, ਕਿ ਰੁਸਤਮ ਤੇ ਅਸਫੰਦਯਾਰ ਭੀ ਭੁੱਲ ਗਏ, ਜੇਕਰ ਮਸਤ ਸ਼ੇਰ ਭੀ ਉਸ ਦੇ ਸਾਮਨੇ ਆਵੇ ਤਾਂ ਉਸਦੀ ਚੜ੍ਹਤ ਤੇ ਰੋਬਦਾਬ ਦੇਖ ਕੇ ਲੂੰਬੜੀ ਹੋ ਜਾਵੇ, ਉਸਦੀ ਫੌਜ ਦਾ ਇਕ ੨ ਸਿਪਾਹੀ ਸ਼ੇਰ ਮਰਦ ਹੈ, ਮੈਂ ਨਹੀਂ ਜਾਣਦਾ ਕਿ ਐਸੇ ਸ਼ੀਂਹ ਦਲੇਰ ਓਸਨੇ ਕਿਥੋਂ ਇਕੱਠੇ ਕਰ ਲਏ ਹੈਨ ! ਓਹ ਐਸੇ ਬੇਖੌਫ ਨਿਧੜਕ ਹਨ ਕਿ ਲੜਾਈ ਦੇ ਵਿੱਚ ਆਪਨੀ ਜਾਨਦਾ ਡਰ ਜੁਸੇ ਵਿੱਚੋਂ ਹੀ ਕਢ ਦੇਂਦੇ ਹਨ.

ਇਸ ਹਾਰ ਨੇ ਮੌਲਵੀ ਇਸਮਾਈਲ ਦੀ ਚੰਗੀ ਗਤ ਸਵਾਰੀ.

ਅਜੇ ਇਸ ਦੀਨ ਰਖਜ਼ਾ ਤੇ ਬੇਨਜ਼ੀਰ ਫਤਹ ਦੀ ਰਪੋਟ ਸਰਕਾਰ ਪਾਸ ਲਾਹੌਰ ਭੇਜੀ ਵੀ ਨਹੀਂ ਸੀ ਕਿ ਇਕ ਸੁਵਾਰ ਨੇ ਸਰਦਾਰ ਬੁਧ ਸਿੰਘ ਜੀ ਦੀ ਸਹੈਤਾ ਵਾਸਤੇ ਆ ਪੈਗਾਮ ਦਿੱਤਾ.

ਸੈਦ ਅਹਿਮਦ ਤੇ ਯਾਰ ਮੁਹੰਮਦ ਖਾਂ ਦੀ ਹਾਰ (੨੯)

ਇਸ ਲੜਾਈ ਵਿੱਚ ਮੁਲਾਨਿਆਂ ਨੇ ਬੜੀ ਮਦਦ ਦਿੱਤੀ, ਥਾਂ ਥਾਂ ਘਰ ੨ ਜਹਾਦ ਦਾ ਜੋਸ਼ ਭੜਕਾ ਦਿੱਤਾ, ਤੇ ਕੁਹਾਟ, ਹਜ਼ਾਰਾ, ਬੁਖਾਰਾ, ਕਾਬਲ, ਗ਼ਜ਼ਨੀ, ਸਵਾਤ, ਕਾਸ਼ਗਰ, ਵਗੈਰਾ ਦੇ ਤੁਰਕਾਂ ਨੂੰ ਜਹਾਦ ਦੀ ਉਮੰਗ ਤੇ ਲੁਟ ਦੀ ਭੁਖ

ਹਟਾਵਨ ਦੀ ਉਮੈਦ ਤੇ ਪ੍ਰੇਰ ਲਿਆਂਦਾ, ਪਿਸ਼ਾਵਰ ਦਾ ਹਾਕਮ ਯਾਰਮੁਹੰਮਦ ਖਾਂ ਆਪਣੇ ਭਾਈਆਂ ਮਿਤ੍ਰਾਂ ਨਾਲ ਅਨਗਿਨਤ ਪੈਦਲ ਸੁਵਾਰ ਤੇ ਤੋਪਖਾਨੇ ਲੈਕੇ ਇਸਦੀ ਮਦਦ ਵਾਸਤੇ ਆਯਾ, ਤਦ ਮੌਲਵੀ ਮਜ਼ਹਰਅਲੀ ਵੀ ਨਾਲ ਹੀ ਆਯਾ ਸੀ ਖਾਲਸਾਦਲ ਵੀ ਇਸਵੇਲੇ ਪੰਦ੍ਰਾਂ ਕੁ ਹਜ਼ਾਰ ਦੇ ਕ੍ਰੀਬਸੀ, ਸਰਦਾਰ ਸ਼ਾਮਸਿੰਘਜੀ ਸ਼ਹੀਦ ਅਟਾਰੀਵਾਲੇ ਤੇ ਸਰਦਾਰ ਬੁਧਸਿੰਘ ਜੀ ਆਦਿਕ ਬੜੇ ਉੱਘੇ ਸੂਰਮੇ ਵੀ ਨਾਲ ਹੀ ਸਨ.

੧੩ ਫਗਣ ੧੮੮੩ ਬਿਃਨੂੰ ਏਹ ਲੜਾਈ ਸੈਦੋਦੇ ਮੈਦਾਨ ਵਿੱਚ ਹੋਈ, ਦੋਹਾਂ ਦਲਾਂ ਦੇ ਵਿਚਕਾਰ ਲੁੰਡੇ ਦਰਯਾ ਦੀ ਵਿਥ ਸੀ, ਦੂਸਰੇ ਦਿਨ ਸਰਦਾਰ ਜੀ ਨੇ ਅਪਨੀ ਸਾਰੀ ਪੈਦਲ ਫੌਜਦੀ ਮੈਦਾਨ ਵਿੱਚ ਅਗੇ ਕਤਾਰ ਲਾ ਦਿੱਤੀ, ਇਸਦੇ ਆਸੇ ਪਾਸੇ ਥੋੜੇ ਸੁਵਾਰ ਤੇ ਤੋਪਾਂ ਵੀ ਰਖੀਆਂ, ਪਰ ਸਾਰਾ ਤੋਪਖਾਨਾ ਅਪਨੀ ਅਗਲੀ ਫੌਜ ਦੀ ਕਤਾਰ ਦੇ ਓਹਲੇ ਰਖਿਆ, ਜਦ ਆਪਨੇ ਸਬ ਸਰਦਾਰਾਂ ਤੇ ਫੌਜ ਨੂੰ ਤਿਆਰ ਵੇਖਿਆ ਤਾਂ ਤੋਪ ਚਲਾਈ.

ਓਧਰ ਵੀ ਅਨਗਿਨਤ ਗਾਜ਼ੀ ਕੰਗਨਾ ਬਧੀ ਲਾਲ ਅੱਟੇ ਗਲ ਵਿੱਚ ਪਾਕੇ ਬੱਦਲਾਂ ਵਾਂਗੂ ਫੁਰਤੀ ਨਾਲ ਅਗੇ ਵਧੇ ਆ ਰਹੇ ਸਨ, ਦੁਸ਼ਮਨ ਦੀ ਤੋਪ ਦਾ ਆਵਾਜ਼ ਗੋਲਿਆਂ ਨੇ ਦਿੱਤਾ, ਪਰ ਸਰਦਾਰ ਜੀ ਨੇ ਅਪਨੀ ਫੌਜ ਨੂੰ ਹੱਲਾ ਕਰਨੋਂ ਰੋਕੀ ਰਖਿਆ, ਓਧਰ ਸੈਦ ਅਹਿਮਦ ਸਿੰਘਾਂ ਦੀ ਐਸੀ ਚੁਪ ਤੇ ਏਨ੍ਹਾਂ ਨੂੰ ਡਰਾਕਲ ਤੇ ਥੋੜੇ ਸਮਝਕੇ ਨਿਧੜਕ ਅੱਗੇ ਵਧ ਰਿਹਾ ਸੀ, ਤੇ ਇਸ ਘੁਮੰਡ ਵਿੱਚ ਸੀ ਕਿ ਮੇਰੀ ਫੌਜ ਇਸ ਵਕਤ ਸੱਠ ਸੱਤ੍ਰ ਹਜ਼ਾਰ ਤੋਂ ਭੀ ਵਧੀਕ ਹੈ, ਹੁਨੇ ਏਨ੍ਹਾਂਨੂੰ ਫੜਕੇਕਤਲ ਕਰਾਂਗੇ ਯਾ ਦੀਨ ਵਿੱਚ ਲਿਆਵਾਂ ਗੇ.

ਓਹ ਇਸੇ ਲਗਨ ਵਿੱਚ ਮਸਤ ਸੀ ਤੇ ਆਪਨੀ ਫੌਜ ਤੇ ਗਾਜੀਆਂ ਨੂੰ ਲੰਡੇ ਦੇ ਇਸ ਪਾਰ ਆਵਨ ਵਾਸਤੇ ਬੇੜੀਆਂ ਵਿੱਚ ਚੜ੍ਹਾ ਦਿੱਤਾ, ਗਾਜ਼ੀਆਂ ਨੇ ਭੀ ਅਲਾ ਹੂ ਅਕਬਰ ਦੇ ਸ਼ੋਰ ਸ਼ਰਾਬੇ ਨਾਲ ਆਸਮਾਨ ਸਿਰਤੇ ਚੁੱਕ ਲਿਆ ਤੇ ਗੋਲੀਆਂ ਆਦਿਕ ਸਿੰਘਾਂ ਤੇ ਬਦਲਾਂਦੀ ਘਨਘੋਰ ਵਾਂਗੂੰ ਬਰਸਾ ਰਹੇ ਸਨ.

ਏਧਰ ਸਿੰਘ ਵੀ ਕਾਹਲੇ ਹੋਕੇ ਸਰਦਾਰ ਜੀ ਤੋਂ ਵਾਲੀ ਲਈ ਹੁਕਮ ਮੰਗਦੇ ਸੀ, ਪਰ ਸਮੇ ਦੇ ਸੁਚੇਤ ਸਰਦਾਰ ਜੀ ਨੇ ਐਸਾ ਕੀਮਤੀ ਸਮਾ ਚੰਗੀ ਤਰਾਂ ਸੰਭਾਲਿਆ, ਤੇ ਦਸਾਂ ਮਿੰਟਾਂ ਵਾਸਤੇ ਫੌਜ ਨੂੰ ਹੋਰ ਸਹਾਰਾ ਦਿੱਤਾ. ਗਾਜ਼ੀ ਬੇੜੀਆਂ ਵਿੱਚ ਠਿੱਲ ਪਏ, ਤੇ ਗੋਲੀਆਂ ਭੀ ਮਾਰਦੇ ਸਨ. ਪਰ ਹੁਕਮ ਦੇ ਬੱਧੇ ਸਿੰਘ ਚੁਪ ਚਾਪ ਸਾਮਨੇ ਦੇਖਦੇ ਸੀ ਅਤੇ ਕਦੀ ੨ ਹੁਕਮ ਪਾਕੇ ਸਿਰਿਆਂ ਦੀਆਂ ਤੋਪਾਂ ਭੀ ਚਲਾ ਦਿੰਦੇ। ਗਾਜ਼ੀ ਨਿਧੜਕ ਬੇੜੀਆਂ ਨੂੰ ਚੱਪੇ ਲਾਈ ਆਗੋਂ ਆ ਰਹੇ ਸੀ, ਸੋ ਜਦ ਠੀਕ ਨਿਵਾਨ ਤੇ ਦਰਯਾ ਦੀ ਮੰਝਦਾਰ ਵਿੱਚ ਆਏ ਤਾਂ ਸਰਦਾਰ ਜੀ ਨੇ ਪੈਦਲ ਫੌਜ ਦੇ ਪੱਰੇ ਨੂੰ ਤੋਪਖਾਨੇ ਦੇ ਅੱਗੋਂ ਫੌਰਨ ਹਟਾ ਦਿੱਤਾ,ਤੇ ਤੋਪਾਂ ਦੇ ਮੂੰਹ ਠੀਕ ਸੇਧ ਤੇ ਕਰਕੇ ਸ਼ਿਸਤਾਂ ਲੈਕੇ ਓਹ ਗੋਲੇ ਮਾਰੇ, ਕਿਪਾਲੇਦੇ ਦਿਨਾਂ ਵਿੱਚ ਹਿਮਾਲੇ ਪਹਾੜ ਤੇ ਵੀ ਬਰਫ਼ ਦੇ ਢੇਲੇ ਐਸੇ ਜ਼ੋਰ ਦੇ ਨਹੀਂ ਪੈਂਦੇ, ਗਾਜ਼ੀ ਇਸ ਵਕਤ ਆਪਨੀ ਬੇਸਮਝੀ ਦਾ ਫਲ ਭੋਗਦੇ ਤੇ ਦੁਵੱਲੜ ਜਾਨਾਂ ਦੇ ਰਹੇ ਸੀ। ਦਰਯਾ ਉਂਵ ਰੋੜ੍ਹੇ ਗੋਲੇ ਉਂਵ ਸਾੜਨ । ਇਸ ਬਿਪਤਾ ਨੂੰ ਦੇਖਕੇ ਰਹਿੰਦੇ ਖੂੰਦੇ ਪਾਰਦੇ ਗਾਜ਼ੀ ਭੀ ਜੋ ਅਜੇ ਬੇੜੀਆਂ ਵਿੱਚ ਨਹੀਂ ਚੜ੍ਹੇ ਸੀ ਸਿਰ ਲੁਕਾਨ ਵਾਸਤੇ ਬੇੜੀਆਂ ਵਿੱਚ ਵੜਦੇ ਜਾਂਦੇ, ਕਈ ਬੇੜੀਆਂ ਬਹੁਤ ਭਾਰ ਪੈਨ ਕਰਕੇ ਡੁਬੀਆਂ, ਰਹਿੰਦੀਆਂ ਤੋਪਾਂ ਨੇ ਗੋਲੇ ਮਾਰ ੨ ਕੇ ਡੋਬੀਆਂ, ਇਸ

ਲੜਾਈ ਵਿੱਚ ਬੀਸ ਹਜ਼ਾਰ ਤੇ ਵਧੀਕ ਗਾਜ਼ੀ ਸਿੰਘਾਂ ਨੇ ਮਾਰੇ ਤੇ ਡੋਬੇ, ਏਨ੍ਹਾਂ ਦਾ ਨੁਕਸਾਨ ਦੋ ਸੌ ਤੋਂ ਵੀ ਘੱਟ ਸੀ. ਜ਼ਿਲਾ ਹਜ਼ਾਰਾਂ ਦੀ ਬੰਦੋਬਸਤ ਦੀ ਰਪੋਟ ਵਿੱਚ ਲਿਖ਼ਜਾ ਹੈ "ਕਿ ਐਸੀ ਬੇਨਜ਼ੀਰ ਹਾਰ ਤੇ ਅਨਗਿਨਤ ਜਾਨਾਂ ਦਾ ਖੌ ਪਠਾਨਾਂ ਲਈ ਪਿਛਲੀ ਸਦੀ ਵਿੱਚ ਨਹੀਂ ਹੋਯਾ".

ਇਸ ਲੜਾਈ ਵਿੱਚ ਸੈਦ ਅਹਿਮਦ ਦਾ ਸਾਰਾ ਤੋਪਖਾਨਾ ਤੇ ਹੋਰ ਮਾਲ ਅਸਬਾਬ ਸਿੰਘਾਂ ਦੇ ਹੱਥ ਆਯਾ ਤੇ ਉਸਦੇ ਮਹਿੰਦੀ ਬਣਨ ਦਾ ਪਾਜ ਭੀ ਖੇਰੂ ੨ ਹੋਗਿਆ.

ਭਾਂਵੇਂ ਇਸ ਸ਼ਰਮਿੰਦਗੀ ਨੂੰ ਧੋਣ ਵਾਸਤੇ ਇਸਨੇ ਮੁਕਾਲਕ ਆਪਨੇ ਸੱਚੇ ਸਹਾਈ ਯਾਰ ਮੁਹੰਮਦ ਖਾਂ ਦੇ ਸਿਰ ਤੇ ਥਪਣੀ ਚਾਹੀ, ਤੇ ਕਿਹਾ ਕਿ ਇਸਦੀ ਫੌਜ ਸਿੰਘਾਂ ਨਾਲ ਮਿਲ ਗਈ ਸੀ, ਪਰ ਅਸਲ ਵਿੱਚ ਏਹ ਨਰੋਲ ਝੂਠਸੀ,ਸਗੋਂ ਏਨ੍ਹਾਂ ਬਾਰਕਜ਼ਈ ਪਠਾਨਾਂ ਨੇ ਜਾਨਾਂ ਹੀਲ ੨ ਕੇ ਲੜਾਈ ਕੀਤੀ ਇਸ ਹਾਰ ਤੋਂ ਸੈਦ ਅਹਿਮਦਦੇ ਐਸੇ ਪੈਰ ਉਖੜੇ ਕਿ ਆਪਣੀ ਜਾਨ ਬਚਾਕੇ ਵਿਚਾਰਾ ਭਗੌੜਾ ਹੋਗਿਆ । ਇਸ ਲੜਾਈ ਵਿੱਚ ਸਰਦਾਰ ਬੁਧਸਿੰਘਜੀ ਤੇ ਸਰਦਾਰ ਸ਼ਾਮ ਸਿੰਘ ਜੀ ਨੇ ਵੀ ਬੜਾਨਾਮ ਉਜਾਗਰ ਕੀਤਾ.

ਇਸ ਫਤਹ ਦੀ ਖਬਰ ਸੁਣਕੇ ਮਹਾਰਾਜ ਨੇ ਇੱਕ ਅਰਬੀ ਘੋੜਾ ਸੋਨੇ ਦੇ ਸਾਜ਼ ਸਮੇਤ ਤੇ ਹੋਰ ਬਹੁਤ ਸਾਰਾ ਇਲਾਕਾ ਸਰਦਾਰ ਹਰੀਸਿੰਘ ਜੀ ਨੂੰ ਜਾਗੀਰ ਵਿੱਚ ਦੇ ਦਿੱਤਾ, ਤੇ ਹੋਰਨਾਂ ਸਬਨਾਂ ਸਰਦਾਰਾਂ ਨੂੰ ਵੀ ਵੱਡੇ ੨ ਸਿਰੋਪਾਓ ਤੇ ਜਾਗੀਰਾਂ ਬਖਸ਼ੀਆਂ ਤੇ ਫੌਜ ਨੂੰ ਇੱਕ ਮਹੀਨੇ ਦੀ ਤਲਬ ਇਨਾਮ ਦਿੱਤੀ.

ਬ੍ਰਾਹਮਣ ਵਜ਼ੀਰਾਂ ਦਾ ਵਾਰ ਤੇ ਸਰਦਾਰ ਹਰੀਸਿੰਘ ਜੀ ਦੀ ਰਾਜ ਭਗਤੀ. (੨੯)

ਸੰਮਤ ੧੮੯੨ਬਿ: ਵਿਚ ਜਦਸਰਦਾਰਜੀ ਆਪਨੇ ਮਾਮਲੇ ਵਗੈਰਾ ਦਾ ਹਸਾਬ ਦੇਣ ਵਾਸਤੇ ਲਾਹੌਰ ਆਏ, ਤਾਂ ਏਧਰ ਡੇੜ ਬਰਸ ਤਕ ਰਹਿਣਾ ਪਿਆ, ਏਨ੍ਹਾਂ ਨੂੰ ਆਪਨੇ ਸਚ ਤੇ ਭ੍ਰੋਸਾ ਸੀ ਸੋ ਕਿਸੇ ਦੀ ਕਾਨ ਨ ਝਲਦੇ.

ਉਸ ਵਕਤ ਰਾਜੇ ਧਿਆਨਸਿੰਘ,ਜਮਾਦਾਰ ਖੁਸ਼ਾਲ ਸਿੰਘ ਤੇ ਮਿਸ਼ਰ ਲਾਲ ਸਿੰਘ ਵਗੈਰਾ ਪਹਾੜੀਆਂ ਦੇ ਦਰਬਾਰ ਵਿੱਚ ਖੂਬ ਚਲਦੀ ਸੀ,ਜਦ ਏਨ੍ਹਾਂ ਨੇ ਸਰਦਾਰ ਹਰੀਸਿੰਘ ਜੀ ਦੀ ਇਜ਼ਤ ਤੇ ਕਦਰ ਆਪ ਤੋਂ ਵੱਧ ਹੁੰਦਾ ਦੇਖਿਆ, ਤਾਂ ਮਤਸਰ ਦੀ ਅੱਗ ਵਿੱਚ ਸੜ ਬਲੇ, ਅਤੇ ਹਸਾਬ ਵਿੱਚ ਕਈ ਅੜਾਵਨੀਆਂ ਪਾਈਆਂ,ਪਰ ਸੱਚ ਅਗੇ ਸਭੇ ਹੀ ਹਾਰੇ ਤੇ ਮੂੰਹ ਦੀ ਹੀ ਖਾਂਦੇ ਰਹੇ.

ਇਕ ਦਿਨ ਸਮਾ ਪਾਕੇ ਮਿਸ਼ਰ ਲਾਲਸਿੰਘ ਤੇ ਜਮਾਂਦਾਰ (ਬ੍ਰਾਹਮਣ) ਖੁਸ਼ਾਲ ਸਿੰਘ ਨੇ ਸਰਕਾਰ ਪਾਸ ਚੁਗਲੀ ਕੀਤੀ ਕਿ ਸਰਦਾਰ ਹਰੀਸਿੰਘ ਨੇ ਆਪਨੀ ਫੌਜ ਵਿੱਚ ਡੇਢ ਸੌਸੁਵਾਰ ਘਟ ਰਖਿਆ ਹੋਯਾ ਹੈ ਸੋ ਇਨ੍ਹਾਂ ਦੀ ਫੌਜ ਦੀ ਪ੍ਰੇਡ ਦੇਖੀ ਜਾਵੇ ਇਸ ਰਪੋਟ ਨੂੰ ਸੁਣਕੇ ਮਹਾਰਾਜ ਨੇ ਸਰਦਾਰ ਜੀ ਦੀ ਫੌਜ ਦੀ ਪ੍ਰੇਡ ਦੇਖਣ ਵਾਸਤੇ ਹੁਕਮ ਦਿੱਤਾ.

ਅਸਲ ਵਿੱਚ ਏਹ ਸਮਾਂ ਆਰਾਮ ਦਾ ਸਮਝ ਕੇ ਸਰਦਾਰ ਜੀ ਨੇ ਆਪਨੀ ਫੌਜ ਨੂੰ ਘਰ ਜਾਨ ਦੀ ਛੁਟੀ ਦੇ ਦਿੱਤੀ ਸੀ, ਸੋ ਫੌਜ ਪ੍ਰੇਡ ਵਿੱਚ ਆਈ, ਅੰਤੇ ਸੂਰਮਿਆਂ ਦੀ ਛਬ ਤੇ ਚੜ੍ਹਤ ਦੇਖਕੇ ਸਰਕਾਰ ਬੜੀ ਪ੍ਰਸੰਨ ਹੋਈ, ਪਰ ਕੋਈ ਸਵਾਕੁ ਸੌ

ਸਵਾਰ ਘਟ ਸੀ, ਸਰਕਾਰ ਨੇ ਮਨ ਵਿੱਚ ਹੀ ਹਿਸਾਬ ਗਿਣਕੇ ਸਰਦਾਰ ਹਰੀਸਿੰਘ ਜੀ ਨੂੰ ਪੰਜ ਲਖ ਦੀ ਚੱਟੀ ਸੁਨਾਈ ਤਾਂ ਸਰਦਾਰ ਜੀ ਨੇ ਕਿਹਾ ਕਿ ਮੈਂ ਸੇਵਕ ਹਾਂ ਮੇਰਾ ਕੀ ਹੈ ? ਸਭ ਕੁਛ ਆਪਦਾ ਹੀ ਹੈ, ਪਰ ਬਾਕੀ ਦੇ ਸਬ ਸਿੰਘ ਹੁਨ ਆਰਾਮ ਦੇ ਦਿਨ ਸਮਝ ਕੇ ਘਰੋ ਘਰੀ ਛੁਟੀਆਂ ਲੈ ਗਏ ਹਨ, ਸਾਨੂੰ ਏਥੇ ਡੇਢ ਸਾਲ ਹੋ ਗਿਆ ਹੈ, ਅਜੇ ਤਕ ਆਪਦੇ ਬ੍ਰਾਹਮਣ ਵਜ਼ੀਰਦੀਵਾਨ ਹਸਾਬ ਨਹੀਂ ਨਿਬੇੜਦੇ, ਨਿਤ ਨਵੇਂ ਸੂਰਜ ਕੁਝ ਨ ਕੁਝ ਅਨੋਖੀ ਉਲਝਨ ਪਾ ਦੇਂਦੇ ਹਨ, ਸੋ ਫੌਜੰ ਉੱਕਤਾ ਗਈ ਸੀ ਤੇ ਘਰ ਜਾਨ ਵਾਸਤੇ ਛੁੱਟੀ ਦਿੱਤੀ ਗਈ ਹੈ. ਇਸ ਯੋਗ ਉੱਤਰ ਨੂੰ ਸੁਨਕੇ ਸਰਕਾਰ ਨੇ ਸਬ ਅਹਿਲ-ਕਾਰਾਂ ਮੁਨਸ਼ੀਆਂ ਨੂੰ ਸਦਕੇ ਹੁਕਮ ਦਿੱਤਾ, ਕਿ ਕੁਲ ਹਸਾਬ ਅਜ ਸੂਰਜ ਡੁਬਨ ਤੋਂ ਪਹਲੇ ੨ ਸਾਡੇ ਪੇਸ਼ ਕੀਤਾ ਜਾਵੇ ਤੇ ਸਰਦਾਰ ਹਰੀ ਸਿੰਘ ਜੀ ਸੁਵੇਰੇ ਅਪਨੇ ਇਲਾਕੇ ਨੂੰ ਚਲੇ ਜਾਨ.

ਪਿਆਰੇ ਸਜਨੋਂ ਤੁਸੀ ਪੜ੍ਹ ਚੁਕੇ ਹੋ ਕਿ ਸਿੰਘਾਂ ਦੇ ਕੈਸੇ ੨ ਪਰੋਪਕਾਰੀ ਜੀਵਨਾਂ ਤੇ ਏਨ੍ਹਾਂ ਦ੍ਰੋਹੀ ਬ੍ਰਾਹਮਣਾ ਨੇ ਝੂਠੇ ਦਾਗ ਅਰੋਪੇ ਤੇ ਆਪਨੀ ਸ੍ਵਾਰਥ ਸਿਧੀ ਦੀ ਚਾਲ ਨੂੰ ਨ ਤਿਆਗਿਆ.

ਮੁਜ਼ਫ਼ਰਾਬਾਦ ਦੀ ਚੜ੍ਹਾਈ (੩੦)

ਸੰਃ ੧੮੨੫ ਬਿਃ ਵਿੱਚ ਦੀਵਾਨ ਕ੍ਰਿਪਾ ਰਾਮ ਹਾਕਮ ਕਸ਼ਮੀਰ ਨੇ ਬੇਨਤੀ ਕਰ ਭੇਜੀ ਕਿ ਜ਼ਬਰਦਸਤਖਾਂ ਰਈਸ ਮੁਜ਼ਫ਼ਰਾਬਾਦ ਦੇ ਸੁਧਾਓ ਵਿੱਚ ਸਹਾਇਤਾ ਦੇਵੇ, ਸੋ ਸਰਦਾਰ ਜੀ ਨੇ ਹਰੀਪੁਰੋਂ ਚੜ੍ਹਾਈ ਕਰ ਦਿੱਤੀ, ਮੁਕੱਰਾ ਤਾਰੀਖ਼ ਤੇ ਦੀਵਾਨ ਤਾਂ ਨ ਆਯਾ, ਪਰ ਸਰਦਾਰ ਜੀ ਜੰਗਲ ਬੇਲੇ ਦੁਖ

ਕਟ ਕੇ ਪ੍ਰਣ ਦੇ ਪੂਰੇ ਦਿਨ ਤੇ ਪਹੁੰਚ ਹੀ ਗਏ, ਤੇ ਜ਼ਬਰ ਦਸਤਖਾਂ ਨੂੰ ਜਾ ਜ਼ੇਰ ਕੀਤਾ,ਅਤੇ ਪੰਜਾਹ ਹਜ਼ਾਰ ਰੁਪਯਾ ਫੌਜ ਦਾ ਖਰਚਾ ਦੀਵਾਨ ਕ੍ਰਿਪਾਰਾਮ ਤੋਂ ਵਸੂਲ ਕੀਤਾ.

ਹਰੀਪੁਰ ਦੀ ਲੜਾਈ ਤੇ ਸਰਦਾਰ ਜੁਵਾਹਰ ਸਿੰਘ (ਬੇਟਾ ਸਰਦਾਰ ਹਰੀਸਿੰਘ) ਦੀ ਬਹਾਦਰੀ. (੩੧)

ਕੁਛ ਦਿਨਾਂ ਪਿਛੋਂ ਬਹੁਤ ਸਾਰਾ ਮੁਲਖੇਯਾ ਫੇਰ ਲੜਾਈ ਕਰਨ ਵਾਸਤੇ ਆਗਿਆ ਇਕ ਕਵੀਸ਼ਰ ਲਿਖਦਾ ਹੈ ਃ–

॥ਕਬਿੱਤੁ॥ ਆਣਕੇ ਤੁਰਕਹੱਲਾ ਕਰ ਦਿੰਦੇਹਰੀਪੁਰੇਡੇਰੀਸਾਹਿਬ ਲਾਗੇ ਜੰਗ ਹੂਆ ਲਾਲੋ ਲਾਲਦਾ। ਚੱਲੀ ਤਲਵਾਰ ਨ ਸ਼ੁਮਾਰ ਕੋਈ ਆਂਵਦਾ ਸੀ ਛੁਟੀਆਂ ਬੰਦੂਕਾਂ ਮਾਰੂ ਵੱਜ ਰਿਹਾ ਕਾਲ ਦਾ। ਲੱਗੇ ਪਿਸਤੌਲ ਬੌਲ ਛੁਟ ਜਾਂਦੇ ਤੰਬਿਆਂ ਮੈਂ ਭਿਜਦੇ ਗਰਾਰੇ ਜਦ ਗੋਲਾ ਛੁਟੇ ਰਾਲਦਾ। ਸੀਤਾਰਾਮਾਂ ਮਾਰ ਖਾਏ ਨੱਠਦੇ ਪਠਾਣ ਕੁਲ ਸੁੱਟ ਚਲੇ ਸ਼ਸਤ੍ਰਾਂ ਨੂੰ ਕੋਈ ਨਾ ਸੰਮਾਲਦਾ ਫੇਰ ਇਕ ਦਿਨ ਹਰੀਸਿੰਘ ਜਾਂ ਧਰਮਸਾਲ ਪੜ੍ਹੇ ਰਹਿਰਾਸ ਹ੍ਰਿਦੇ ਪ੍ਰੇਮਨਾ ਸਮਾਂਵਦਾ । ਪੁਤਰ ਜੁਵਾਹਰਸਿੰਘ ਜਾਂਵਦਾਕਰਨ ਸੈਲ ਦੇਖੇ ਕੀ ਅਗਾੜੀ ਝੁੰਡ ਤੁਰਕਾਂ ਦਾ ਆਂਵਦਾ। ਨਾਲ ਦਿਆਂ ਸਿੰਘਾਂ ਨੂੰ ਪੁਛੇਂਦਾ ਯਾਰੋ ਕੌਣ ਹੈਂ ਯੇ ਤਬ ਇਕ ਸਿੰਘ ਉੱਚੀ ਕੂਕਕੇ ਸੁਨਾਂਵਦਾ। ਸੀਤਾਰਾਮਾਂ ਏਧਰ ਹੁਕਮ ਨਹੀਂ ਜਾਂਵਣੇ ਦਾ ਮੁੜਜਾਵੇ ਪਿਛਾਹਾਂ ਜੇਕੋ ਜਿੰਦੜੀ ਹੈਂ ਚਾਂਹਵਦਾ ॥

ਕਬਿੱਤ–ਸੁਣਕੇ ਪਠਾਣ ਕਹਿਣ ਕਾਫਰੋ ਕੀ ਆਖਦੇਓ ਜਾਂਨ ਕੋ ਸਮਾਲੋ ਹੋਣੀ ਤੁਸਾਂ ਪੁਰ ਆਈ ਹੈ। ਦੇਖ ਲੈਣਾਂ ਜ਼ੋਰ ਅੱਜ

ਹਰੀ ਸਿੰਘ ਨਲੂਏ ਦਾ ਆਣਕੇ ਲਾਹੌਰੋਂ ਅੰਨੀ ਜਿਸਨੇ ਮਚਾਈ ਹੈ। ਚਾਂਹੁੰਦੇ ਜੇ ਭਲਾ ਹਰੀਪੁਰਾ ਛੱਡ ਚਲੇ ਜਾਵੋ ਨਹੀਂ ਮਾਰ ਮਾਰ ਧੂੰਆਂ ਦੇਆਂਰੋ ਉਡਾਈਐ। ਸੀਤਾਰਾਮਾਂ ਐਸਾ ਤੁਰਕ ਬੋਲਕੇ ਬਚਨ ਝੱਟ ਕਰਦਿੰਦੇ ਹੱਲਾ ਆ ਮਚਾਂਵਦੇ ਲੜਾਈਐ ॥ ਮਾਰੇ ਕਿਲਕਾਰੀ ਜਵਾਹਰ ਸਿੰਘ ਬਲਕਾਰੀ ਕਹਿੰਦਾ ਸੂਰੇ ਦਾ ਧਰਮ ਨਹੀਂ ਨੱਸਣਾ ਮਦਾਨ ਸੇ। ਖਾਇਕੇ ਕ੍ਰੋਧ ਖੰਡਾ ਸੂਤਿਆ ਮਿਆਨ ਵਿਚੋਂ ਬੋਲ ਸਤਿਨਾਮ ਧਸਗਿਆ ਅਭਮਾਨ ਸੇ ॥ ਧਰਦਿਤੀ ਵਾਡ ਇਕ ਵੱਡਿਓਸੀ ਜੱਟਵਾਗੂੰ ਮਚੀ ਹਾ ਹਾ ਕਾਰ ਧੂੜ ਮਿਲੀਅਸਮਾਨ ਸੇ ॥ ਸੀਤਾਰਾਮਾ ਮਾਰ ਮਾਰ ਸੱਥਰ ਵਿਛਾਇ ਦਿੱਤੇ ਸਾਮਣੇ ਜੋ ਆਵੇ ਝੱਟ ਉਡਜਾਇ ਬਾਨ ਸੇਂ ॥ ਬਾਰਤਾ ਲੜਾਈ ਦੀ ਸੁਣਦਾ ਜਬ ਹਰੀਸਿੰਘ ਪਾਇ ਕਰ ਭੋਗਤੇ ਮਦਾਂਨ ਵਿਚ ਆਂਵਦਾ ॥ ਦੇਖੇਕੀ ਅਗੇਰ ਲੱਗੇ ਮੁਰਦੋਂ ਕੇ ਢੇਰ ਵਿਚ ਜਵਾਹਰਸਿੰਘ ਸ਼ੇਰ ਪੈਲਾਂ ਮੋਰਵਾਗੂੰ ਪਾਂਵਦਾ ॥ ਨੱਠ ਸਰਦਾਰ ਨਾਲ ਛਾਤੀਕੇ ਲਗਾਏ ਲੈਂਦਾ ਮੋਹਰਾਂ ਤੇ ਰੁਪਏ ਸੀਸ ਉਪਰੋਂ ਵਗਾਂਵਦਾ ॥ ਸੀਤਾਰਾਮਾਂ ਹਛੀ ਤਰਾਂ ਤੁਰਕਾਂ ਦੇ ਨਾਸਕਰ ਖਾਲਸਾ ਤਮਾਮ ਹਰੀਪੁਰੇ ਵਿਚ ਆਂਵਦਾ ॥

ਬਾਲਾਕੋਟ ਦੀ ਲੜਾਈ ਤੇ ਫਤਹ. (੩੨)

ਮੁਸਲਮਾਨਾਂ ਨੇ ਇਕ ਦਿਨ ਇਸ ਨਗਰ ਤੇ ਧਾਵਾ ਕੀਤਾ ਤੇ ਲੜਾਈ ਛੇੜੀ ਇਕ ਕਵੀਸ਼ਰ ਇਸ ਤਰਾਂ ਲਿਖਦਾ ਹੈ:—

ਕਬਿੱਤ—ਬਾਲਾਕੋਟ ਗ੍ਰਾਂਮ ਇਕ ਵਸਦਾ ਪਹਾੜ ਉੱਤੇ ਵਗਦੀ ਹੈ ਨਹਿਰ ਲਾਗੇ ਖਿੜੀਫੁਲਵਾੜੀਹੈ ॥ ਪਾਰ ਗੁਰਦ੍ਵਾਰਾ ਭਾਰਾ ਹੈਗਾ ਗੁਰੂਨਾਨਕੇ ਦਾ ਝੂਲਦੇ ਨਿਸ਼ਾਂਨ ਮੱਥੇ ਟੇਕੇ ਨਰ ਨਾਰੀ ਹੈ। ਬਾਲੇਕੋ ਬਿਠਾਯਾ ਗੁਰੂ ਆਪਸੀ ਅਲੋਪ ਹੋਏ ਹਿੰਦੂ

ਤੁਰਕਾਂਨ ਦਾ ਮਕਾਨ ਵੋਹੀ ਭਾਰੀ ਹੈ। ਸੀਤਾਰਾਮਾ ਇਕ ਲਾਗ ਚਸ਼ਮਾ ਅਜ਼ੀਬ ਦੇਖੋ ਭਰਾਜਲ ਨਾਲ ਲੀਲਾ ਓਸਦੀ ਨਿਆਰੀ ਹੈ ॥ ਤੁਰਕ ਸਧੌਂਣ ਤੇ ਨਿਆਜ਼ ਲੈ ਝੜੌਂਣ ਹਿੰਦੂ ਕੂੰਣਕੇ ਕਰੌਣ ਕੁੱਲ ਪੂਜਦਾ ਜਹਾਂਨ ਜੀ। ਚੜ੍ਹਦਾ ਚੜ੍ਹਾਵਾ ਜੇੜ੍ਹਾ ਭਾਈ ਦੇ ਜੀ ਥੜ੍ਹੇ ਉੱਤੇ ਕਰ ਲੈਂਦੇ ਅੱਧੋ ਅੱਧ ਹਿੰਦੂ ਤੁਰਕਾਂਨ ਜੀ ॥ ਏਕ ਦਿਨ ਜੁਮੇ ਵਾਲੇ ਰੋਜ ਬਾਲੇਕੋਟ ਵਿੱਚ ਕਰਕੇ ਇੱਕਠ ਤੁਰਕ ਜੰਗ ਕੋ ਮਚਾਨ ਜੀ ॥ ਸੀਤਾਰਾਮਾਂ ਤੇਗ਼ ਐਸੀ ਖੜਕੀ ਮਦਾਂਨ ਵਿਚ ਕੰਬ ਗਿਆ ਸੀਗਾ ਤਦ ਜ਼ਿਮੀ ਅਸਮਾਨ ਜੀ ॥ ਏਨੇ ਚਿਰ ਹਰੀ ਸਿੰਘ ਚੜ੍ਹ ਕੇ ਪਹਾੜ ਪੁਰ ਬੰਨਕੇ ਸ਼ਿਸ਼ਤ ਝੱਟ ਤੋਪ ਜਾ ਚਲਾਈ ਹੈ ॥ ਭੂੰਨ ਸੁਟੇ ਜਿੰਨੇ ਕੱਠੇ ਹੋਏਸੀ ਮਸੀਤ ਵਿਚ ਬਾਕੀ ਨੱਠ ਚੱਲੇ ਵਿਚੇ ਛੋਡਕੇ ਲੜਾਈ ਹੈ ॥ ਕਰਕੇ ਤੇ ਹੱਲਾ ਸਿੰਘ ਘੇਰ ਲੈਂਦੇ ਰਾਹੁ ਬੀਚ ਕੱਟ ਦਿਤੇ ਸੋਸ ਜਿੰਦਾਂ ਛੋਡਿਆ ਨਾ ਕਾਈ ਹੈ ॥ ਸੀਤਾਰਾਮਾ ਪੀਣ ਕਲ ਜੋਗਣਾ ਰੁਦਰ ਨਾਲੇ ਪਾਂਵਦੀਆਂ ਜੱਲ੍ਹੀ ਖੁਸ਼ੀ ਚੜਦੀ ਸੁਵਾਈ ਹੈ ॥ ੮੯ ॥ ਫੇਰ ਸਰਦਾਰ ਹਰੀਸਿੰਘ ਓਥੋਂ ਕੂਚ ਕਰ ਫਤੇ ਕੀਤਾ ਤਰਬੇਲਾ ਆਸ ਪਾਸ ਸਬ ਗਾਂਮ ਜੀ ॥ ਐਬਟਾਲੇ ਬਾਦ ਦੂਜੀ ਗੜ੍ਹੀ ਜੋ ਹਬੀਬਦੀ ਸੀ ਹੋਰ ਪਿੰਡ ਆਕੀ ਫੂਕ ਦਿੱਤੇ ਅਭਿਰਾਮਜੀ ॥ ਇਕ ਇਕ ਖਾਲਸੇ ਸੰਘਾਰੇ ਸੀ ਤੁਰਕ ਸੌ ਸੌ ਲਖਹਿਸੁਟੇ ਘਾਣ ਐਸੀ ਕੀਤੀ ਕਤਲਾਂਮਜੀ ॥ ਸੀਤਾਰਾਮਾਂ ਤੜਫਾਟ ਪਿਆ ਕੁਲ ਨਗਰਾ ਮੇਂ ਹਥਜੋੜ ਪਠਾਨ ਕਹਿਨ ਸਿੰਘਾਂ ਦੇ ਗੁਲਾਮ ਜੀ ॥ ੯੦ ॥

ਤ੍ਰਬੇਲੇ ਦੀ ਲੜਾਈ. (੩੩)

ਦੋ ਬਰਸਾਂ ਤਕ ਤਾਂ ਸੈਦ ਅਹਿਮਦ ਨੇ ਆਪਨੇ ਪਿਛਲੇ

ਦੁਖ ਨ ਭੁਲਾਏ ਪਰ ਫਿਰ ਗਾਜ਼ੀਆਂ ਦੀ ਮਦਦਵੇਖਕੇ ੧੮੮੫ ਬਿਃ ਵਿੱਚ ਹਜ਼ਾਰੇ ਦੇ ਇਲਾਕੇ ਵਿੱਚ ਤ੍ਰਬੇਲਾ ਨਾਮੇ ਨਗਰ ਨੂੰ ਘੇਰਾ ਪਾਦਿੱਤਾ, ਸਰਦਾਰ ਮਹਾਂਸਿੰਘ ਨੇ (ਸਰਦਾਰ ਹਰੀਸਿੰਘ ਜੀ ਲਾਹੌਰ ਦਰਬਾਰ ਵਿੱਚ ਆਏ ਹੋਏ ਸੀ) ਚੜ੍ਹਾਈ ਕਰਕੇ ਸੈਦ ਅਹਿਮਦ ਨੂੰ ਤੇ ਗਾਜ਼ੀਆਂ ਨੂੰ ਚੰਗੀ ਦੁਰਦਿਸ਼ਾ ਨਾਲ ਓਥੋਂ ਕਢ ਦਿੱਤਾ। ਪਰ ਏਹ ਐਸੀ ਅਮੋੜ ਖੋਪਰੀ ਸੀ ਕਿ ਮਰਨ ਤਕ ਕਦ ਮੁੜਦਾ ਸੀ ? ਫੇਰ ਪੰਜ ਹਜ਼ਾਰ ਗਾਜ਼ੀਆਂ ਤੇ ਸੈਨਾ ਦੀ ਭੀੜ ਭਾੜ ਕਰਕੇ ਫੋਕਰੇ ਨਾਮੇ ਪਿੰਡ ਵਿੱਚ ਇਸ ਨੇ ਆਪਨਾ ਜਮਘਟਾ ਆ ਬਨਾਯਾ, ਸਰਦਾਰ ਜੀ ਇਸ ਦੀਆਂ ਏਹ ਚਾਲਾਂ ਸੁਨਕੇ ਲਾਹੌਰੋਂਆਗਏ ਤੇ ਫੌਜ ਦੀ ਕਮਾਨ ਆਸੰਭਾਲੀ.

ਸਰਦਾਰ ਹਰੀਸਿੰਘਜੀ ਦਾ ਆਓਨਾ ਸੁਨਕੇ ਪਠਾਨ ਬਿਨਾਂਲੜਾਈਹੀ ਆਕੰਬੇ ਤੇ ਭਜਨਾ ਚਾਹੁੰਦੇ ਸਨ, ਪਰ ਮੌਲਵੀ ਇਸਮਾਈਲ ਦੀ ਪੁਰਜੋਸ਼ ਤਕ੍ਰੀਰ ਨੇ ਫਿਰ ਜਹਾਦ ਵਾਸਤੇ ਖੜੇ ਕਰ ਦਿੱਤੇ, ਪਠਾਨੀਆਂ ਵੀ ਇਸ ਲੜਾਈ ਵਿੱਚ ਬਹੁਤ ਮਦਦ ਦੇਂਦੀਆਂ ਸਨ.

ਗੜ੍ਹੀ ਹਬੀਬੁੱਲਾ ਦਾ ਸਾੜਨਾ. (੩੪)

ਰਸਤੇ ਵਿੱਚ ਮੁੜਦਿਆਂ ਹੋਯਾ ਹਬੀਬੁੱਲਾਖਾਂ ਗੜ੍ਹੀ ਵਾਲਾ ਆਪਨੇ ਅਫ਼ਗਾਨੀ ਘੁਮੰਡ ਵਿੱਚ ਆ ਗਿਆ, ਸੋ ਸਰਦਾਰਜੀ ਨੇ ਲੜਾਈ ਕਰਕੇ ਉਸਨੂੰ ਈਨ ਮਨਾਈ ਤੇ ਸਜ਼ਾ ਵਿੱਚ ਪਿੰਡ ਦੇ ਘਰ ਸਾੜ ਸੁੱਟੇ, ਅਤੇ ਨੱਥਾ ਸਿੰਘ ਨਾਮੇ ਅਪਨੀ ਫੌਜ ਦੇ ਇਕ ਕੁਮੇਦਾਨ ਨੂੰ ਓਥੇ ਠਾਨੇਦਾਰ ਬਨਾਯਾ। ਪਰ ਸਰਦਾਰ ਜੀ ਦੇ ਚਲੇ ਜਾਨ ਪਿੱਛੋਂ ਹਬੀਬੁੱਲਾਖਾਂ ਨੇ ਫੇਰ ਫੌਜ ਜੋੜਕੇ ਲੜਾਈ ਕੀਤੀ ਤੇ ਨਥਾ ਸਿੰਘ ਲੜਾਂਈ ਵਿੱਚ ਜੂਝ ਗਿਆ.

ਖੋਤੇ ਦੀ ਕਬਰ. (੩੫)

ਕੁਛ ਦਿਨ ਪਿੱਛੋਂ ਫੇਰ ਪਠਾਨਾ ਦੇ ਸਰਦਾਰਾਂ ਨੇ ਸਲਾਹ ਕਰਕੇ ਬਹੁਤ ਸਾਰਾ ਮੁਲਖੈਯਾ ਇਕੱਠਾ ਕਰਕੇ ਇਕ ਬੜੀ ਕਰੜੀ ਲੜਾਈ ਕਰਨ ਵਾਸਤੇ ਨੀਂਹ ਬਧੀ,ਤੇ ਐਬਟਾਬਾਦ ਦੇ ਪਾਸ ਸਾਮਾਨ ਬਨਾਯਾ ਤੇ ਲੁਟ ਮਾਰ ਸ਼ੁਰੂ ਕੀਤੀ,ਸਿੰਘਾਂ ਨੇ ਵੀ ਬਚਾਉ ਦੇ ਯਤਨ ਕੀਤੇ। ਇਸ ਲੜਾਈ ਵਿੱਚ ਇਕ ਖੋਤਾ ਸੀ ਜੋ ਐਸਾ ਸਿਖਾਯਾ ਹੋਯਾ ਸੀ ਜੋ ਰੋਜ਼ ਦੋ ਵੇਲੇ ਪਿੰਡ ਦੇ ਨੰਬਰ-ਦਾਰ ਦੇ ਘਰ ਅੱਗੇ ਜਾ ਖੜੋਂਦਾ, ਅਤੇ ਪਠਾਨੀਆਂ ਆਪੋ ਆਪ ਨਿਆਂ ਮਾਲਕਾਂ ਵਾਸਤੇ ਰੁਮਾਲ ਵਿੱਚ ਰੋਟੀਆਂ ਬੰਨਕੇ ਉਸ ਖੋਤੇ ਤੇ ਲੱਦਦੇਂਦੀਆਂ,ਤੇ ਓਹਖੋਤਾ ਓਹਨਾਂਨੂੰ ਲੈਕੇਇਕ ਨੁੱਕਰ ਵਿੱਚ ਆਕੇ ਹੀਂਗਦਾ, ਜਿਸਦੀ ਆਵਾਜ਼ ਸੁਨਕੇ ਦੋ ਚਾਰ ਪਠਾਨ ਜਾ ਕੇ ਰੋਟੀਆਂ ਲੈ ਆਂਵਦੇ ਤੇ ਰਾਤ ਦਿਨ ਲੜਾਈ ਛੇੜੀ ਰਖਦੇ, ਏਹ ਖੋਤਾ ਕਿੰਨੇ ਦਿਨ ਏਹੋ ਕੰਮ ਕਰਦਾ ਰਿਹਾ, ਪਠਾਨਾਂ ਦਾ ਏਹ ਯੁੱਧ ਵੇਖਕੇ ਸਿਆਣਿਆਂ ਸੋਚਿਆ ਕਿ ਕੀ ਸਬਬ ਹੈ ਜੋ ਏਹ ਹਰ ਵੇਲੇ ਲੜਾਈ ਕਰਦੇਹੀ ਰਹਿੰਦੇ ਹਨ? ਰੋਟੀ ਖਾਣ ਵਾਸਤੇ ਵੀ ਪਿੱਛੇ ਨਹੀਂ ਜਾਂਦੇ, ਤਾਂ ਖੋਜ ਕੱਢਣ ਤੇ ਪਤਾ ਲੱਗਾ ਕਿ ਇਕ ਖੋਤੇ ਦੀ ਸਹਾਇਤਾ ਹੈ, ਦੂਸਰੇ ਦਿਨ ਨਿਸ਼ਾਨਚੀਆਂਨੇ ਤਾੜ ਰੱਖੀ ਤੇ ਜਦੋਂ ਖੋਤਾ ਰੋਟੀਆਂ ਲਿਆਕੇ ਹੀਂਗਿਆ, ਤਾਂ ਐਸੀ ਗੋਲੀ ਮਾਰੀ ਜੋ ਓਹ ਪੁਠਾ ਹੋਕੇ ਡਿੱਗਾ ਤੇ ਤੜਫ ੨ ਕੇ ਲਾਗੇਦੇ ਖੂਹਵਿੱਚ ਡਿੱਗ ਪਿਆ, ਇਸਦੇ ਮਰਨ ਨਾਲ ਗਾਜ਼ੀਆਂ ਨੂੰ ਬੜਾ ਦੁੱਖ ਪਹੁੰਚਾ, ਪਰ ਫੇਰ ਭੀ ਖੂਬ ਜਾਨਾਂ ਤੋੜ ੨ ਕੇ ਲੜੇ ਸਰਦਾਰ ਜੋ ਵੀ ਓਹਨਾਂ ਦੀ ਐਸੀ ਬਹਾਦਰੀ ਦੀ ਸਿਫਤ ਕਰਦੇ ਪਰ ਸਮੇ ਅਨਕੂਲ ਮੁਰਦਿਆਂ ਦੀਆਂ ਲੋਥਾਂ ਨੂੰ ਫੁਕਵਾ

ਦਿੱਤਾ ਗਿਆ ਤਾਂਕਿ ਦੇਸ ਵਿੱਚ ਅਮਨ ਹੋਜਾਵੇ.

ਰਹਿੰਦੇ ਖੂੰਹਦੇ ਗਾਜ਼ੀਆਂ ਨੂੰ ਹੱਥਾਂ ਪੈਰਾਂ ਦੀ ਪੈਗਈ ਤੇ ਭੱਜ ਗਏ ਅਤੇ ਸਮਾਂ ਪਾਕੇ ਉਸ ਖੋਤੇ ਨੂੰ ਖੂਹ ਵਿੱਚੋਂ ਕੱਢਕੇ ਦਬ ਦਿੱਤਾ, ਤੇ ਉਤੇ ਉਸਦੀ ਕਬਰ ਬਣਾਈ, ਏਹ ਬੜੀ ਸੀਨਰੀਦੀ ਜਗਾ ਹੈ, ਤੇ ਹਰੀਪੁਰੋਂ ਜਾਂਦਿਆਂ ਤਿਨ ਮੀਲ ਉਰੇ ਹੈ ਚਸ਼ਮੇ ਵਗ ਰਹੇ ਹਨ ਤੇ ਬੜਾ ਸੁਹਾਵਨਾ ਰਮਨੀਕ ਬਾਗ਼ ਵੀ ਹੈ.

ਪੈਂਦੇ ਖਾਂ ਦਾ ਸਹੈਤਾ ਵਾਸਤੇ ਸ਼ਰਨ ਆਉਨਾ (੩੬)

ਜਦ ਸੈਦ ਅਹਿਮਦ ਐਸੀਆਂ ਦਿਲ ਤੋੜ ਸ਼ਿਕਸਤਾਂ ਖਾ ਚੁਕਾ ਤਾਂ ੧੮੮੭ ਬਿਃ ਵਿੱਚ ਏਸ ਨੇ ਪੈਦੇਖਾਂ ਅੰਬ ਵਾਲੇ ਨਾਲ ਜ਼ਾਹਰਾ ਮੇਲ ਕਰ ਲਿਆ (ਪੈਦੇਖਾਂ ਓਧਰ ਇੱਕ ਬੜਾ ਨਾਮੀ ਜਾਗੀਰਦਾਰ ਸੂਰਮਾ ਸੀ) ਪਰ ਅੰਦਰੋਂ ਦੋਵੇਂ ਇੱਕ ਦੂਜੇ ਦੇ ਘਾਤੀ ਰਹੇ, ਕੁਛ ਦਿਨ ਪਾਕੇ ਸੈਦ ਅਹਿਮਦ ਨੇ ਸ਼ਰਾ ਦਾ ਢੁਚੱਰ ਡਾਹ ਕੇ ਪੈਦੇਖਾਂ ਨਾਲ ਦੁਫੇੜਾ ਪਾਕੇ ਉਸਨੂੰ ਉਸਦੇ ਇਲਾਕੇ ਅੰਬ ਤੋਂ ਕੱਢ ਦਿੱਤਾ ਤੇ ਅਪਨੇ ਮੌਲਵੀਆਂ ਦੇ ਕਹਿੰਨ ਤੇ ਬਹੁਤ ਸਾਰੇ ਗਾਜ਼ੀ ਇਕੱਠੇ ਕੀਤੇ, ਇਕ ਕਵੀਸ਼ਰ ਇਸਤ੍ਰਾਂ ਲਿਖਦਾ ਹੈਃ-

ਕਬਿੱਤ—ਅਠਾਰਾਂ ਸੈ ਉਨੱਤੀ ਵਿੱਚ ਸੈਦਖਾਂ ਐਮਦ ਫੇਰ ਨਿਕਲ ਪਹਾੜੋਂ ਕਸ਼ਮੀਰ ਵਿੱਚ ਆਂਵਦਾ ॥ ਕਰਦਾ ਇਕੱਠੇ ਜੋ ਮੁਸਲਮੀਨ ਇਲਾਕੇ ਵਿੱਚ ਆਨਕੇ ਤੇ ਮੱਥਾ ਮੁੜ ਖਾਲਸੇ ਨਾਲ ਲਾਵਦਾ ॥ ਹਰੀਸਿੰਘ ਸਰਦਾਰ ਫੌਜ ਆਪਨੀ ਸੰਭਾਲ ਸਾਰੀ ਮਾਰ ਮਾਰ ਭੁਰਕਾਂਦੀ ਧੂਲ਼ ਸੀ ਉਡਾਂਵਦਾ ॥ ਸੋਤਾਰਾਮਾ ਉਠ ਨੱਠਾ ਸੈਦਖਾਂ ਐਮਦ ਫੇਰ ਚਲਦੀ ਨਾਂ ਪੇਸ਼

ਦਲਵਿਚ ਗੁੱਸਾ ਖਾਂਵਦਾ ॥ ੧੧੪ ॥ ਅਠਾਰਾਂ ਸੈ ਜੋ ਤੀਸਵਿਚ ਪਾੜਕੇ ਕਟਕਫਿਰ ਆਨਕੇ ਹਜ਼ਾਰੇ ਵਿਚ ਪਾਇਦਿੰਦਾ ਲੁੱਟਜੀ ਮੌਤ ਥੋਂ ਨਾ ਡਰੇ ਜਾਂਨ ਹਾਥਪੁਰ ਧਰੇ ਯਾਰੋ ਕਹਿੰਦਾ ਅੱਜ ਹਿੰਦੂਆਂਦੀ ਜੜ ਦੇਣੀ ਪੁੱਟਜੀ॥ ਮਾਰੇ ਜਿਨੇ ਖਾਂਨ ਮੇਰੇ ਰੜਕੇ ਜ਼ਖਮ ਸੀਨੇ ਤਾਂਹੀ ਠੰਡ ਪੈਣੀ ਲਊ ਹਰੀਪੁਰਾ ਕੁੱਟਜੀ। ਸੀਤਾ ਰਾਮਾਂ ਹੋਣੀ ਸਿਰ ਗੱਜਦੀ ਬਦਲ ਵਾਗੂ ਸੁਣੋ ਦੇਕੇ ਕਾਂਨ ਏਥੇ ਰਹਣੇ ਕਈ ਜੁਟਜੀ ॥ ੧੧੫ ॥

ਪੈਦੇਖਾਂ ਬਿਚਾਰੇ ਨੇ ਸਭਨਾਂ ਦੀ ਮਿੰਨਤ ਖੁਸ਼ਾਮਦ ਕੀਤੀ ਪਰ ਕਿਧਰੇ ਆਸ ਨ ਪੂਰੀ ਹੋਈ, ਕਿਉਂਕਿ ਸੈਦ ਅਹਿਮਦ ਦੇ ਮੁਕਾਬਲੇ ਤੇ ਤਦੋਂ ਕੇੜਾ ਪਠਾਨ ਖੜੋਂਦਾ ? ਛੇਕੜ ਸਭ ਦੇਖ ਭਾਚਕੇ ਸਰਦਾਰ ਹਰੀਸਿੰਘ ਜੀ ਦੀ ਸ਼ਰਨ ਫੜੀ, ਅਤੇ ਲਾਹੌਰ ਦਰਬਾਰ ਨੂੰ ਮਾਮਲਾ ਦੇਨ ਦੀਈਨ ਮੰਨਕੇ ਸਰਦਾਰਹਰੀਸਿੰਘ ਦੀ ਮਦਦ ਨਾਲ ਸੈਦਅਹਿਮਦਤੋਂ ਆਪਨਾ ਇਲਾਕਾ ਛੁਡਾਯਾ।

ਸਰਦਾਰ ਹਰੀਸਿੰਘ ਜੀ ਦੀ ਸੈਦ ਅਹਿਮਦ ਨਾਲ ਆਖਰੀ ਲੜਾਈ (੩੭)

ਸੈਦ ਅਹਿਮਦ ਪਠਾਨਾਂ ਦੇ ਪ੍ਰਣ ਤੇ ਗਾਨੇ ਬੰਨ ੨ ਕੇ ਜਹਾਦ ਦਾ ਬਹਾਨਾ ਬਨਾਉਨਾ ਤਾਂ ਦੇਖਹੀ ਚੁੱਕਾ ਸੀ, ਕਿਉਂਕਿ ਓਹ ਸਿਰਫ਼ ਲੁੱਟ ਮਾਰ ਕਰਨ ਵਾਸਤੇ ਹੀ ਆਜਾਂਦੇ ਸੀ, ਸੋ ਹੁਨ ਉਨ੍ਹਾਂ ਦੇ ਕੌਲ ਸੁਗੰਦ ਤੇ ਇਤਬਾਰ ਨਹੀਂ ਸੀ ਕਰਦਾ.

ਹੁਨ ਇਸ ਨੇ ਪੰਜਾਬੀ ਤੇ ਕਸ਼ਮੀਰੀ ਮੁਸਲਮਾਨਾਂ ਦੀ ਮਦਦ ਨਾਲ ਕਸ਼ਮੀਰ ਨੂੰ ਆਪਨਾ ਹੈਡਕੁਆਰਟਰ ਬਨਾਨ ਵਾਸਦੇ ਨੀਤ ਬਧੀ,ਅਤੇ ੧੮੮੭ ਬਿ਼ ਦੇ ਅਖ਼ੀਰ ਵਿੱਚ ਹਜ਼ਾਰਾਂ ਗਾਜ਼ੀ ਤੇ ਮੁਰੀਦ ਤੇ ਫੌਜਾਂ ਆਦਿਕ ਲੈਕੇ ਦੇਸ ਦੇ ਸੁਖ ਵਿੱਚ

ਦੁਖ ਪਾਵਨ ਵਾਸਤੇ ਅਟਕੋਂ ਪਾਰ ਹੋਨ ਲਈ ਚਲਾ ਆਯਾ, ਸਰਦਾਰ ਜੀ ਨੂੰ ਭੀ ਇਸਦੀ ਪਲ ਪਲਦੀ ਖ਼ਬਰ ਪਹੁੰਚਦੀ ਸੀ, ਸੋ ਮੌਕਾ ਬਿਚਾਰ ਕੇ ਦਰਯਾ ਤੋਂ ਉਤਰਦੇ ਹੀ ਨੂੰ ਜਾ ਨਪਿੱਆ. ਤਲਵਾਰਾਂ ਸੂਤਕੇ ਦੁਵੱਲੜ ਸੂਰਮੇ ਲੜੇ, ਐਸੀ ਕਰੜੀ ਲੜਾਈ ਹੋਈ ਕਿ ਪਲੋ ਪਲੀ ਵਿੱਚ ਲਹੂ ਦੀ ਲਾਲ ਬਨਾਤ ਜ਼ਮੀਨ ਵਿਛਾ ਦਿੱਤੀ, ਸੈਂਕੜੇ ਤੜਫਨ ਲੱਗੇ ਅਨਗਿਣਤਾਂ ਦੇ ਸੱਥ ਲੱਥੇ, ਪਾਣੀ ੨ ਦੀ ਕਰਬਲਾਟ ਤੇ ਮਾਰੋ ਮਾਰੋ ਦੀ ਅਵਾਜ਼ ਅਲੀ ੨ ਦੇ ਸ਼ੋਰ ਸ਼ਰਾਬੇ, ਅਕਾਲ ੨ ਦੇ ਜੈਕਾਰੇ, ਨੇ ਮਹਾਂਭਾਰਤ ਦੇ ਯੁੱਧ ਨੂੰ ਵੀ ਭੁਲਾ ਦਿੱਤਾ.

ਸੂਰਮੇ ਦੁਵੱਲੜ ਜਾਨਾਂ ਹੋਲ ੨ ਕੇ ਲੜੇ, ਸਿੰਘ ਸ਼ਹੀਦੀ ਲੋਚਦੇ, ਤੇ ਮੁਸਲਮਾਨ ਗ਼ਾਜ਼ੀ ਬਨਦੇ ਸਨ, ਛੇਕੜ ਚਾਰ ਪਹਿਰ ਦੀ ਬੜੀ ਲਹੂ ਲੁਹਾਨ ਲੜਾਈ ਪਿੱਛੋਂ ਸੈਦਅਹਿਮਦ (ਹਮੇਸ਼ਾ ਦੀ ਕਲਾ) ਮਾਰਿਆ ਗਿਆ, ਤੇ ਗ਼ਾਜ਼ੀਆਂ ਦੇ ਪੈਰ ਉੱਖੜ ਗਏ.

ਸਰਦਾਰਜੀਨੇ ਵੀ ਏਨ੍ਹਾਂਦਾਗ਼ਾਜ਼ੀਪੁਣੇਦਾ ਜਿੱਨ ਕੱਢਣਵਾਸਤੇ ਸਬ ਮੁਰਦੇ ਇੱਕਠੇ ਕਰਕੇ ਅੱਗ ਵਿੱਚ ਸੜਵਾ ਦਿੱਤੇ ਇਸ ਤੋਂ ਪਿੱਛੋਂ ਦੇਸ ਵਿੱਚ ਕੁਝ ਚਿਰ ਅਮਨ ਚੈਨ ਰਿਹਾ.

ਸਰਦਾਰ ਹਰੀਸਿੰਘ ਜੀ ਦੀ ਅੰਗ੍ਰੇਜ਼ੀ ਦਰਬਾਰ ਵਿੱਚ ਵਕਾਲਤ (੩੯)

ਸੰਨ ੧੮੮੯ ਬਿ: ਮੁਤਾਬਕ ਸੰਨ ੧੮੩੨ ਈ: ਵਿੱਚ ਲਾਰਡ ਵਿਲਿਅਮ ਬੈਂਨਟਿੰਗ ਨੂੰ, ਮਹਾਰਾਜਾ ਰੰਜੀਤ ਸਿੰਘਜੀ (ਜਿਸਦੀਆਂ ਫੌਜਾਂ ਤੇ ਤੋਪਖਾਨੇ ਆਦਿਕ, ਜੋ ਉਸ ਵਕਤ ਸਾਰੇ ਹਿੰਦੁਸਤਾਨ ਵਿੱਚ ਸਬਨਾਂ ਮਹਾਂਰਾਜਿਆਂ ਤੋਂ ਵਧੀਕ ਸੀ,

ਤੇ ਦਿਨ ਬਦਿਨ ਬੜ੍ਹ ਰਹੇ ਸੀ) ਦੇ ਨਾਲ ਦੋਸਤਾਨਾ ਬਰਤਾਓ ਪੈਦਾ ਕਰ੍ਨ ਦੀ ਲੋੜ ਪ੍ਰਗਟੀ, ਤੇ ਨਿਤਪ੍ਰਤੀ ਸਰਹੱਦੀ ਲੜਾਈ ਵਿੱਚ ਸਰਦਾਰ ਹਰੀ ਸਿੰਘ ਦੇ ਕਾਰਨਾਮੇ ਸੁਨਕੇ ਐਸੇ ਦਲੇਰ ...ਮੇ ਦੇ ਦੇਖਨ ਦੀ ਉਮੰਗ ਹੋਈ, ਤੇ ਲਾਹੌਰ ਦਰਬਾਰ ਨੂੰ ...ਰ ਕਲਾਡ ਰੈਜ਼ੀਡੈਂਟ ਲੁਦਿਹਾਨਾ ਦੇ ਹੱਥ ਮੁਰਾਸਲਾ ਭੇਜਿਆ ...੮ ਚੇਤ੍ਰ ੧੮੮੮ ਬਿ: ਨੂੰ ਮਹਾਰਾਜ ਨੇ ਬੜੀ ਚਾਹ ਤੇ ਸਜ ...ਜ ਨਾਲ ਦੀਵਾਨ ਮੋਤੀਰਾਮ ਨਾਇਬ, ਫਕੀਰ ਅਜ਼ੀਜ਼ਦੀਨ ਤੇ ਕਰਨੈਲ ਗੁਲਾਬ ਸਿੰਘ ਆਦਿਕ ਅਫਸਰ ਨਾਲ ਦੇਕੇ ਸਰਦਾਰ ਹਰੀਸਿੰਘ ਜੀ ਨੂੰ ਜੱਥੇਦਾਰ ਬਨਾਕੇ ਤੋਰਿਆ, ਅਤੇ ਬਹੁਤ ਸਾਰੇ ਕੀਮਤੀ ਤੁਹਫੇ ਲਾਟ ਸਾਹਿਬ ਵਾਸਤੇ ਭੇਜੇ, ਲੁਦਿਹਾਨੇ ਪਹੁੰਚਨ ਤੇ ਸਰ ਕਲਾਡਵੈਡਸਾਹਿਬ ਇਸ ਸਫਾਰਤ ਨੂੰ ਸਪਾਟੂ ਦੇ ਰਸਤੇ ਸ਼ਿਮਲੇ ਲੈ ਗਏ, ਏਥੇ ਏਹਨਾਂ ਦੀ ਬੜੀ ਆਓ ਭਾਗਤ ਹੋਈ, ਢਾਈ ਸੌ ਰੁਪਯਾ ਰੋਕ ਤੇ ਪੈਂਠ ਥਾਲ ...ਠਿਆਈ ਦੇ ਰੋਜ਼ ਜ਼ਿਆਫਤ ਵਾਸਤੇ ਆਂਵਦੇ ਰਹੇ, ੧੩ ਵਿਸਾਖ ਨੂੰ ਲੌਢੇ ਵੇਲੇ ਲਾਟ ਸਾਹਿਬ ਨਾਲ ਮੁਲਾਕਾਤ ਹੋਈ, ਇਕ ਵੱਡਾ ਸਾਇਬਾਨ ਮੋਤੀ ਜੜਿਤ ਥੰਮੀਆਂ ਦਾ ਲਾਯਾ ਗਿਆ, ਦੋਨੋ ਤਰਫ ਗੋਰੇ ਸਿਪਾਹੀ ਚੰਗੀ ਸਜ ਧਜ ਨਾਲ ਪੱਰਾ ਬੰਨੀ ...ੜੋਤੇ ਸਨ.

ਪਹਿਲੇ ਕੁਛ ਅੰਗ੍ਰੇਜ਼ੀ ਅਫਸਰ ਆਏ ਤੇ ਸਰਦਾਰ ਜੀ ...ਏਨ੍ਹਾਂ ਦੇ ਡੇਰੇ ਤੋਂ ਲੈ ਗਏ, ਰਸਤੇ ਵਿੱਚ ਚੀਫ ਸੈਕ੍ਰੇਟਰੀ ਸਾਹਿਬ ਨੇ ਅਗਵਾਈ ਕੀਤੀ, ਸਾਇਬਾਨ ਦੇ ਬਾਹਿਰ ਲਾਟ ਸਾਹਿਬ ਤੇ ਕਮਾਂਡਰ ਇਨ ਚੀਫ ਸਾਹਿਬ ਅੱਗੋਂ ਆਕੇ ਦਸਤਪੰਜਾ ਲੈਕੇ ਮਿਲੇ, ਤੇ ਆਪਨੇ ਹੱਥੀਂ ਇਕ ਰਤਨ ਜੜਤ ਕੁਰਸੀ ਤੇ ਸਰਦਾਰ ਜੀ ਨੂੰ ਬਿਠਲਾਯਾ.

ਇਸ ਦਰਬਾਰ ਦੀ ਸੋਭਾ ਕਹਿਨ ਤੋਂ ਬਾਹਿਰ ਹੈ ਸੈਂਕੜੇ ਵੱਡੇ ੨ ਅੰਗ੍ਰੇਜ਼ ਅਫਸਰ, ਤੇ ਸੁੰਦ੍ਰਤਾ ਦੀਆਂ ਪੁਤਲੀਆਂ ਮਮਾਂ ਉਥੇ ਬੈਠੀਆਂ ਸਨ. ਅੰਗ੍ਰੇਜ਼ੀ ਬਾਜਾ ਬੜੀ ਸੁਰੀਲੀ ਸੁਰ ਨਾਲ ਬਜ ਰਿਹਾ ਸੀ, ਤੇ ਸਲਾਮੀ ਦੀਆਂ ਤੋਪਾਂ ਰੌਨਕ ਵਧਾ ਰਹੀਆਂ ਸਨ। ਮਾਮੂਲੀ ਸੁਖ ਆਨੰਦ ਪੁਛਕੇ ਮਹਾਰਾਜਾ ਰੰਜੀਤਸਿੰਘ ਜੀ ਦੀ ਕੁਸ਼ਲ ਖੇਮ ਪੁਛੀ ਗਈ, ਫਿਰ ਸਰਦਾਰ ਹਰੀਸਿੰਘ ਜੀ ਦੀ ਆਗਿਆ ਨਾਲ ਫਕੀਰ ਅਜ਼ੀਜ਼ ਦੀਨ ਨੇ ੩੧੦੦ ਲਾਟ ਸਾਹਿਬ ਦਾ ਸਿਰਵਾਰਨਾਂ ਕਰਕੇ ਉਨ੍ਹਾਂਦੇ ਨੌਕਰਾਂ ਨੂੰ ਵੰਡ ਦਿੱਤਾ, ਓਧਰੋਂ ਭੀ ੨੫੦ ਮੋਹਰਾਂ ਦਾ ਸਿਰਵਾਰਨਾ ਸਰਦਾਰ ਸਾਹਿਬ ਜੀ ਦਾ ਹੋਯਾ ਤੇ ਏਨ੍ਹਾਂ ਦੇ ਨੌਕਰਾਂ ਨੂੰ ਵੰਡਿਆ ਗਿਆ, ਸਰਦਾਰ ਜੀ ਨੇ ਬਹੁਤ ਸਾਰੇ ਕੀਮਤੀ ਤੁਹਫੇ ਜੋ ਲਾਹੌਰ ਦਰਬਾਰ ਨੇ ਭੇਜੇ ਸਨ ਦਿੱਤੇ, ਫਿਰ ਮਾਮੂਲੀ ਅਤ੍ਰ ਪਾਨ ਪਿੱਛੋਂ ਏਹ ਮੁਲਾਕਾਤਖ਼ਤਮ ਹੋਈ,ਮੁੜਦੀ ਵਾਰੀਵੀਓਸੇਤਰਾਂਜਰਨੈਲੀ ਸਲੂਟ ਨਾਲ ਸਰਦਾਰਜੀ ਨੂੰ ਆਦਰ ਸੰਨਮਾਨ ਦਿੱਤਾ ਗਿਆ।

੨੭ ਵੈਸਾਖ ਨੂੰ ਫੇਰ ਮੁਲਾਕਾਤ ਹੋਈ ਤੇ ਦੋਨੋਂ ਤਰਫਾਂ ਦੀਆਂ ਫੌਜਾਂ ਦੇ ਕਰਤਬ ਦੇਖੇਗਏ, ਇਸੇ ਰਾਤ ਨੂੰ ਲਾਟ ਸਾਹਿਬ ਨੇ ਇਕ ਬਾਲ (ਨਾਚ ਰੰਗ ਦਾ ਜਲਸਾ) ਦਿੱਤਾ,ਇਸ ਜਲਸੇਦੀ ਰੌਨਕ ਬਹੁਤ ਚੰਗੀ ਕੀਤੀ ਗਈ.

੨੯ ਵੈਸਾਖ ਨੂੰ ਲਾਟ ਸਾਹਿਬ ਨੇ ਇਕ ਭਰੇ ਦਰਬਾਰ ਵਿੱਚ ਤੇਰਾਂ ਕੀਮਤੀ ਸਿਰੋਪਾਓ, ਇਕ ਕਲਗੀ ਇਕ ਮੋਤੀਆਂ ਦਾ ਕੈਂਠਾ,ਇਕ ਸੋਨੇ ਦੀ ਹੀਰੇਜੜਤ ਮੁੰਦ੍ਰੀ;ਇਕ ਚੰਗੀਦੁਨਾਲੀ ਬੰਦੂਕ, ਤੇ ਕਮਾਂਡਰ ਇਨ ਚੀਫ ਸਾਹਿਬ ਨੇ ਇਕ ਹੀਰੇ ਜੜਿਤ ਮੁੱਠ ਦੀ ਬਹੁਤ ਕੀਮਤੀ ਕਿਰਚ ਸਰਦਾਰ ਸਾਹਿਬ ਜੀ ਨੂੰ ਦਿੱਤੀ, ਦੀਵਾਨ ਮੋਤੀਰਾਮ, ਕਰਨੈਲ ਗੁਲਾਬ ਸਿੰਘ ਤੇ ਸੁਚੇਤ

ਸਿੰਘ, ਫਕੀਰ ਅਜ਼ੀਜ਼ਦੀਨ ਨੂੰ ਵੀ ਸਿਰੋਪਾਓ ਤੇ ਕਿਰਚਾਂ ਆਦਿਕ ਮਿਲੀਆਂ.

੮ ਜੇਠ ੧੮੮੮ ਬਿ: ਨੂੰ ਇਹ ਕਾਮਯਾਬ ਸਫ਼ਾਰਤ ਜਿਸ ਨਾਲ ਦੋਹਾਂ ਦਰਬਾਰਾਂ ਦੀ ਮਿਤ੍ਰਤਾ ਗੂਹੜੀ ਹੋਗਈ ਸੀ ਲਾਹੌਰ ਆਗਈ, ਮਹਾਰਾਜ ਨੇ ਇਕ ਵੱਡਾ ਦਰਬਾਰ ਕਰਕੇ ਸਰਦਾਰ ਹਰੀਸਿੰਘ ਜੀ ਦੀ ਸਲਾਘਾ ਕੀਤੀ ਤੇ ਵਧਾਈ ਦਿੱਤੀ ਅਤੇ ਇਕ ਅਰਬੀ ਘੋੜਾ ਸੋਨੇ ਦੇ ਸਾਜ਼ ਸਮੇਤ ਤੇ ਹੋਰਬਹੁਤਸਾਰੇ ਸਿਰੋਪਾਓ ਅਤੇ ੨੦੦੦੦) ਸਾਲ ਦੀ ਹੋਰ ਜਗੀਰ ਵਧਾ ਦਿੱਤੀ.

ਰੋਪੜ ਦੀ ਮੁਲਾਕਾਤ. (੩੯)

ਹੁਨ ਸਰਦਾਰ ਜੀ ਕੁਛ ਦਿਨ ਅਪਨੇ ਘਰ ਗੁਜਰਾਂਵਾਲੇ ਰਹੇ, ਫਿਰ ਰੋਪੜ ਦੀ ਮੁਲਾਕਾਤ ਦੀ ਤਿਆਰੀ ਦਾ ਹੁਕਮ ਪਹੁੰਚਾ ਜਿਸਨੂੰ ਸੁਨਕੇ ਸਰਦਾਰ ਜੀ ਨੇ ਆਪਨੀ ਫੌਜ ਤੇ ਅੜਦਲਦੀ ਬਾਡੀ ਗਾਰਡ ਦੀ ਖੂਬ ਚੰਗੀ ਤਰਾਂ ਤਿਆਰੀ ਕੀਤੀ.

ਇਸਦੀ ਤਿਆਰੀ ਬਾਬਤ ਬੜਾ ਖਰਚ ਹੋਯਾ ਸੋ ੨ ਕਤਕ ਨੂੰ ਸਰਦਾਰ ਜੀ ਮਹਾਰਾਜ ਦੇ ਨਾਲ ਅੰਮ੍ਰਿਤਸਰੋਂ ਡਬਲਕੂਚ ਕਰਕੇ ੮ ਕੱਤਕ ਨੂੰ ਰੋਪੜ ਪਹੁੰਚ ਗਏ, ਅਤੇ ਸਤਲੁਜ ਦੇ ਲਹਿੰਦੇ ਪਾਸੇ ਖੂਬ ਸ਼ਾਹਾਨਾ ਧੂੰਮਧਾਮ ਤੇ ਸਜਧਜ ਨਾਲ ਤੰਬੂ ਸਾਇਬਾਨ ਲਗਾਦਿਤੇ। ਦੂਸਰੇ ਪਾਸੇ ਲਾਰਡ ਵਿਲਅਮ ਬੇਨਟਿੰਗ ਸਾਹਿਬ ਗਵਰਨਰ ਜਨਰਲ ਦਾ ਤੰਬੂ ਖੂਬ ਸਜਾਵਟ ਨਾਲ ਖੜਾ ਸੀ.

ਮਹਾਰਾਜੇ ਦੇ ਆਵਨਤੇਹੀ ਅੰਗ੍ਰੇਜ਼ੀ ਤੋਪਾਂਦੀ ਸਲਾਮੀ ਹੋਈ ਤੇ ਲਾਟ ਸਾਹਿਬ ਨੇ ਚੀਫ ਸੈਕ੍ਰੇਟਰੀ ਤੇ ਜਰਨੈਲ ਰੈਮਜ਼ੇ ਸਾਹਿਬ ਨੂੰ ਸੁਖਸਾਂਦ ਨਾਲ ਪਹੁੰਚਨਦੀ ਖਬਰ ਪੁਛਨ ਵਾਸਤੇ ਭੇਜਿਆ.

ਇਸਦੇ ਪਿੱਛੋਂ ਮਹਾਰਾਜ ਜੀ ਨੇ ਪ੍ਰਿੰਸ ਖੜਕ ਸਿੰਘ ਜੀ ਜਨਰਲ ਸਰਦਾਰ ਹਰੀਸਿੰਘਜੀ, ਰਾਜਾਸੰਗਤਸਿੰਘਜੀ, ਸਰਦਾਰ ਅਤ੍ਰਸਿੰਘਜੀ ਸੰਧਾਵਾਲੀਆ, ਸਰਦਾਰ ਸ਼ਾਮਸਿੰਘਜੀ (ਸ਼ਹੀਦ) ਅਟਾਰੀ ਵਾਲਾ, ਰਾਜਾ ਗੁਲਾਬ ਸਿੰਘ ਛੇਆਂ ਅਫਸ਼ਰਾਂ ਨੂੰ ਮੁਲਾਕਾਤ ਦੀ ਤਾਰੀਖ ਮੁਕਰਰ ਕਰਨ ਵਾਸਤੇ ਭੇਜਿਆ.

ਏਨ੍ਹਾਂ ਦੀ ਲਾਟ ਸਾਹਿਬ ਨੇ ਬੜੀ ਇਜਤ ਕੀਤੀ ਤੇ ਪ੍ਰਿੰਸ ਖੜਕਸਿੰਘ ਜੀ ਨੂੰ ਅਪਣੇ ਸਜੇ ਪਾਸੇ ਬਿਠਾਯਾ ਤੇ ਸੁਖ ਅਨੰਦ ਦੇਪੁਛਨਦੇਪਿੱਛੋਂ੨੬ਅਕਤੂਬਰ੧੮੩੨ ਈਃਤਾਰੀਖਠਹਿਰਾਈ.

ਏਥੇ ਵੀ ਕਈ ਭਿਛੁਕ ਡਰਾਕਲ ਵਜ਼ੀਰਾਂ ਨੇ ਮਹਾਰਾਜੇ ਨੂੰ ਸ਼ਕ ਪਾਯਾ, ਪਰ ਸਰਦਾਰ ਹਰੀਸਿੰਘ ਤੇ ਜਨਰਲ ਅਲਾਰਡਦੇ ਕਹਿਣਤੇਇਨ੍ਹਾਂਦੀਏਹਚਲਾਕੀਨਚੱਲੀ* ਇਸ ਮੁਲਾਕਾਤ ਵਿੱਚ ਮਹਾਰਾਜ ਜੀ ਸਿਰਫ਼ ੩੧ ਸਰਦਾਰਾਂਨੂੰਹੀ ਸਾਇਬਾਨ ਦੇ ਅੰਦਰ ਨਾਲ ਲੈਗਏ ਸੀ, ਉਨ੍ਹਾਂਦੇ ਵਿੱਚ ਸ਼ਹਿਜਾਦਾ ਖੜਕਸਿੰਘ ਤੇ ਸ਼ੇਰ ਸਿੰਘ ਜੀ, ਸਰਦਾਰਹਰੀਸਿੰਘ ਜੀ, ਸਰਦਾਰ ਅੱਤ੍ਰਸਿੰਘਜੀ ਸੰਧਾਵਾਲੀਆ, ਸਰਦਾਰ ਸ਼ਾਮਸਿੰਘਜੀ ਅਟਾਰੀਵਾਂਲਾ ਤੇਰਾਜਾ ਸੰਗਤ ਸਿੰਘ ਜੀ ਆਦਿਕ ਸੇ.

ਸਰਦਾਰ ਹਰੀਸਿੰਘ ਜੀ ਖ਼ਾਸ ਮਹਾਰਾਜਦੇ ਬਾਡੀਗਾਰਡ ਸਨੱਧ ਬੱਧ ਪੁਸ਼ਾਕੇ ਦੇ ਹੇਠ ਖੋਦ ਸੰਜੋ ਪਾਏਹੋਏ ਨਾਲ ਹੀ ਸਨ। ਏਨ੍ਹਾਂ ਦੀ ਕੁਰਸੀਵੀ ਮਹਾਰਾਜਦੇ ਨਾਲਹੀ ਛੁਥੀ ਹੋਈਸੀ, ਇਸ ਮੁਲਾਕਾਤ ਵਿੱਚ ਮਹਾਰਾਜ ਨੇ ਸਰਦਾਰ ਜੀ ਦੀ ਬੜੀ ਤਾਰੀਫ ਕੀਤੀ, ਤੇਕਹਿਨ ਲਗੇ ਕਿ ਏਹ ਓਹ ਬਹਾਦ੍ਰ ਸੂਰਮਾਹੈ ਕਿ ਜਿਸ

---

* ਜੇ ਚਲ ਜਾਂਦੀ ਤਾਂ ਸਿੰਘਾਂ ਦੀ ਬਹਾਦਰੀ ਤੇ ਮਨ ਦੀ ਸਫਾਈ ਅੰਗ੍ਰੇਜ਼ਾਂ ਦੇ ਦਿਲਾਂ ਤੋਂ ਉਡ ਜਾਂਦੀ ॥

ਦੇ ਨਾਮ ਤੋਂ ਆਕੀ ਪਠਾਨਵੀ ਕੰਬਦੇ ਹਨ, ਤੇ ਬੜੇ ੨ ਤੀਸਮਾਰਖਾਂ ਪਾਠਾਨਾਂ ਦੇ ਹਥੋਂ ਇਨ੍ਹਾਂਦਾ ਨਾਮ ਸੁਨਕੇ ਹਥਿਆਰ ਡਿੱਗ ਪੈਂਦੇ ਹਨ, ਮਾਵਾਂ ਬਚਿਆਂ ਨੂੰ ਇਸੇਦੇ ਨਾਮਦਾ ਡਰਪਾਉਂਦੀਆਂ ਹਨ* ਪਠਾਨਾਂ ਦਾ ਬੱਚਾ ੨ ਇਨ੍ਹਾਂ ਦੇ ਨਾਮ ਜਾਨਦਾ ਹੈ ਅਤੇ ਇਸ ਵਕਤ ਮੇਰੀ ਫੌਜ ਦੇ ਏਹ ਸੈਨਾਪਤੀ ਹਨ, ਏਹ ਸਬ ਏਨ੍ਹਾਂ ਦੀ ਹਿੱਮਤ ਤੇ ਬਹਾਦਰੀ ਹੈ ਜੋ ਪਠਾਨਾਂ ਤੋਂ ਕਸ਼ਮੀਰ ਆਦਿਕਦਾ ਰਾਜ ਲੈਲਿਆ ਹੈ ਤੇ ਸਾਰੀ ਸਰਹੱਦ ਤੇ ਸਿੰਘਾਂ ਦਾ ਸਿੱਕਾ ਬੈਠ ਗਿਆ ਹੈ, ੨੭ ਅਕਤੂਬਰ ਦੀ ਵਾਪਸੀ ਮੁਲਾਕਾਤ ਵਿੱਚ ਵੀ ਸਰਦਾਰ ਹਰੀਸਿੰਘ ਜੀ ਪ੍ਰਿੰਸ ਖੜਕਸਿੰਘਜੀ ਤੇ ਪ੍ਰਿੰਸ ਸ਼ੇਰਸਿੰਘ ਜੀ ਹੀ ਲਾਟ ਸਹਿਬ ਨੂੰ ਅਗਵਾਈ ਲੈਂਨ ਗਏ ਸੀ.

੨੯ ਅਕਤੂਬਰ ਨੂੰ ਮਹਾਰਾਜ ਦੀ ਫੌਜਦੀ ਰੀਵੀਊ ਆਰਡਰ ਪ੍ਰੇਡ ਹੋਈ, ਸਬਨਾਂ ਸਰਦਾਰਾਂ ਨੇ ਆਪਨੇ ੨ ਕਰਤੱਬ ਦੱਸੇ ਪਰ ਸਰਦਾਰ ਹਰੀਸਿੰਘ ਨੇ ਸਬਨੂੰ ਹੇਠੀ ਦਿੱਤੀ, ਅਤੇ ਉਸ ਭਰੇ ਦੀਵਾਨ ਵਿੱਚ ਮਹਾਰਾਜ ਨੇ ਸਰਦਾਰ ਜੀਨੂੰ ਸ਼ਾਬਾਸ਼ ੨ ਕਹਿਕੇ ਗਲ ਨਾਲ ਲਾਯਾ। ਇਸਤੋਂ ਪਿੱਛੋਂ ਮਹਾਰਾਜ ਨੇ ਆਪ ਘੋੜੇ ਤੇ ਚੜ੍ਹਕੇ ਇਕ ਬ੍ਰੇਜੀ ਗੜਵੇ ਨੂੰ ਮੈਦਾਨ ਵਿੱਚ ਰਖਿਆ, ਤੇ ਤਿਨ ਵਾਰੀ ਸਿਰਪਟ ਘੋੜੇ ਦੌੜਦੇ ਤੇ ਇਸਦਾ ਨਿਸ਼ਾਨਾ ਫੁੰਡਿਆ ਜਿਸਦਾ ਨਤੀਜਾ ਏਹ ਹੋਯਾ ਕਿ ਮਹਾਰਾਜ ਜੀਦੀ ਤੇ ਏਨ੍ਹਾਂਦੀ ਬਹਾਦਰੀ ਲਾਟ ਸਾਹਿਬ ਤੇ ਹੋਰਨਾਂ ਅੰਗ੍ਰੇਜ਼ਾਂ ਦੇ ਦਿਲਾਂ ਵਿੱਚ ਘਰ ਕਰ ਗਈ†। ੩੧ ਅਕਤੂਬਰ ਨੂੰ ਮਹਾਰਾਜ ਰੋਪੜੋਂ ਅੰਮ੍ਰਿਤਸਰ ਆਏ

* "ਚੁਪ ਸ਼ੋ ਸਰਕੂਜਾ ਹਰੀਆ ਰਾਗਲੇਦੇ" (ਸੂਅਰ ਚੁਪ ਕਰ ਹਰੀਸਿੰਘ ਆਤਾ ਹੈ) ਕਹਾਵਤ ਹੋਗਈ ਹੈ.

† ਮੁਲਾਕਾਤ ਦਾ ਬਹੁਤ ਹਿੱਸਾ ਨਹੀਂ ਲਿਖਯਾ ਕਿਉਂਕਿ ਉਸਦਾ ਏਥੇ ਦੇਨਾ ਜ਼ਿਆਦਾ ਜ਼ਰੂਰੀ ਨਹੀਂ ਮਾਲੂਮ ਹੁੰਦਾ.

ਤੇ ਇਸ਼ਨਾਨ ਦਰਸ਼ਨ ਕਰਕੇ ਬਾਈਵੇਂ ਦਿਨਲਾਹੋਰ ਆ ਪਹੁੰਚੇ.

ਸ਼ਾਹਵਲੀਖ਼ਾਂ ਗੱਖੜਦੀ ਬਗ਼ਾਵਤ. (੪੦)

ਏਥੇ ਆਕੇ ਸਰਕਾਰਜੀਨੂੰ ਸ਼ਾਹਵਲੀਖਾਂ ਤੇ ਯਕਾਖ਼ਾਂ ਦੀ ਬਗ਼ਾਵਤ ਦੀ ਖਬਰ ਮਿਲੀ, ਸੋ ੧੧ਪੋਹ ੧੮੭੮ ਬਿਃ ਨੂੰ ਇਕ ਜੜਾਊ ਤਲਵਾਰ ਦੇਕੇ ਸਰਦਾਰ ਜੀਨੂੰ ਇਨ੍ਹਾਂਦੇ ਸੁਧਾਓ ਵਾਸਤੇ ਭੇਜਿਆ, ਤੇ ਪਿਸ਼ਾਵਰ ਵਲ ਵਧਨਲਈ ਵੀ ਇਸ਼ਾਰਾ ਕੀਤਾ.

ਸਰਦਾਰ ਜੀ ਡਬਲ ਕੂਚ ਨਾਲ ਰਾਵਲਪਿੰਡੀਓਂ ਲੰਘ ਆਏ ਤੇ ਯਕਾਖ਼ਾ ਨੂੰ ਬਿਨਾ ਕਿਸੇ ਲੜਾਈ ਦੇ ਉਸਦੇ ਪਿੰਡ ਕੋਰਹ ਤੋਂ ਫੜ ਲਿਆ, ਤੇ ਤੋਪ ਅਗੇ ਉੜਾ ਦੇਨ ਦਾ ਹੁਕਮ ਦਿੱਤਾ,ਦੂਸਰੇ ਦਿਨ ਸਾਹਵਲੀ ਨੂੰ ਵੀ ਟੱਬਰ ਸਮੇਤ ਕੈਦ ਕਰਕੇ ਹਰੀਪੁਰ ਦੇ ਕਿਲੇ ਵਿੱਚ ਭੇਜ ਦਿਤਾ, ਹੁਨ ਸਰਦਾਰ ਜੀ ਨੇ ਖਾਨਪੁਰ ਵਿੱਚ ਇਕ ਕਿਲਾਵੀ ਬਨਵਯਾ ਤੇ ਆਪਨਾ ਠਾਨੇ-ਦਾਰ ਬਿਠਾਯਾ ਤੇ ਇਸਦੀ ਖਬਰ ਇਕ ਸੁਵਾਰ ਹਥ ਲਾਹੌਰ ਭੇਜ ਦਿਤੀ ਜਿਸਨੂੰ ਸੁਨਕੇ ਸਰਕਾਰ ਬੜੀ ਪ੍ਰਸੰਨ ਹੋਈ ਤੇ ਸਰਦਾਰ ਜੀਨੂੰ ਵਧਾਈ ਪਤ੍ਰ ਭੇਜਕੇ ਹੌਸਲਾ ਵਧਾਯਾ ਤੇ ਉਸ ਸੁਵਾਰ ਨੂੰ ਪੰਜਸੌ ਰੁਪਯਾ ਇਨਾਮ ਵੀ ਦਿਤਾ.

ਇਸਤੋਂ ਪਿਛੋਂ ਸਰਦਾਰ ਜੀ ਸਾਰੇ ਇਲਾਕੇ ਦਾ ਮਾਮਲਾ ਵਸੂਲ ਕਰਦੇ ੨ ਹਰੀਪੁਰ ਆ ਗਏ.

ਢਾਕੇ ਵਿਨਾਹ ਦੀ ਲੜਾਈ. (੪੧)

ਏਥੇ ਆਕੇ ਸਰਦਾਰ ਜੀ ਨੂੰ ਢਾਕੇ ਵਿਨਾਹ ਦੇ ਬਦਮਾਸ਼ਾਂ ਦੀ ਲੁਟਮਾਰ ਦੀ ਖਬਰ ਲਗੀ, ਇਸਨੂੰ ਸੁਨਕੇ ਫ਼ੌਰਨ ਕੂਚਕਰ ਦਿਤਾ, ਗਾਜ਼ੀ ਵੀ ਪਲਬਪਲ ਵਧ ਰਹੇ ਸਨ। ਏਥੇਪਹੁੰਚਕੇ ਖੂਬ

ਲੜਾਈਹੋਈ,ਦੁਵਲੜਪੈਰ ਜਮਾਕੇ ਸੈਨਾ ਨੇ ਹਥ ਦਸੇ, ਗਾਜ਼ੀ ਜਾਨਾਂ ਹੀਲ ੨ ਕੇ ਲੜੇ, ਪਰ ਛੇਕੜ ਉਨਾਂ ਦੇ ਪੈਰ ਉਖੱੜ ਗਏ ਸਰਦਾਰ ਜੀ ਨੇ ਏਨਾਂ ਨੂੰ ਕੱਢਕੇ ਅਪਨਾ ਠਾਨਾ ਉਥੇ ਬਨਾਯਾ.

ਇਸਠਾਨੇਦੇ ਨਿਤਦੇ ਦੁਖਦੇ ਸਾੜੇਨੇ ਫਿਰ ਬਾਗੀ ਉਕਸਾਏ ਤੇਏਨ੍ਹਾਂਗਾਜ਼ੀਆਂਦੇਬੀਸ ਹਜ਼ਾਰ ਦੇ ਦਲਨੇ ਰਾਤੋ ਰਾਤ ਸਿੰਘਾਂ ਤੇ ਛਾਪਾ ਮਾਰਿਆਂ, ਸਿੰਘ ਵੀ ਸਨੱਧ ਬੱਧਹੀ ਸੌਂਦੇ ਸਨ, ਸੋ ਇੱਕ ਪਿਕਟ ਦੇ ਸਿਪਾਹੀ ਨੇ ਦੁਸ਼ਮਨ ਦੀ ਆਵਾਜ਼ ਸੁਨਕੇ ਸਬਹਾਲ ਸਰਦਾਰ ਜੀ ਨੂੰ ਆ ਦਸਿਆ.

ਸਮੇ ਦੇ ਸੁਚੇਤ ਸਰਦਾਰਜੀ ਨੇ ਉਸਪਿਕਟ ਨੂੰ ਸਗੋਂ ਉਸ ਪਾਸੇ ਤੋਂ ਹਟਾਲਿਆ, ਤੇ ਇਕ ਰਸਾਲੇ ਨੂੰ ਦੁਸ਼ਮਨ ਦੇ ਪਿਛੋਂ ਵਲੋਂ ਜਾਕੇ ਹੱਲਾਕਰਨ ਦਾ ਹੁਕਮ ਦਿਤਾ, ਸਿੰਘਾਂ ਨੂੰ ਇਸਤਰਾਂ ਅਵੇਸਲਾ ਸਮਝਕੇ,ਗਾਜ਼ੀ ਸਗੋਂ ਜ਼ੋਰ ਸ਼ੋਰ ਨਾਲ ਵਧਦੇ ਆਏ ਅਤੇ ਜਦ ਕੋਈ ਰੋਕਟੋਕ ਤੇ ਨਾਹੀ ਕੋਈ ਪਿਕਟ ਦੇਖੀ, ਤਾਂ ਹੋਰ ਚਾਓ ਚਾਈ ਮਾਰੋ ੨, ਵਧੋ ੨ ਦੇ ਆਵਾਜ਼ੇ ਨਾਲ ਵਧਦੇਚਲੇਆਏ, ਹੁਨਜਦ ਸਰਦਾਰਜੀਨੇ ਏਨਾਂਨੂੰਠੀਕ ਗੋਲੀਦੀਮਾਰਹੇਠਦੇਖਿਆ ਤਾਂ ਅਖਦੇ ਫੋਰ ਵਿਚ ਵਾਲੀਆਂ ਮਾਰ ਕੇ ਗਾਜ਼ੀ ਭੁੰਨ ਸੁਟੇ, ਪਿਛੋਂ ਰਸਾਲੇ ਨੇ ਭੀ ਕਈਆਂ ਨੂੰ ਨੇਜ਼ਿਆਂ ਵਿਚ ਪਰੋਤਾ, ਇਸ ਵੇਲੇ ਪਾਲੇ ਕੱਕਰ ਦੀ ਰੁਤ, ਪਹਾੜ ਦੇ ਹੇਠਾਂ, ਹਨੇਰੀ ਰਾਤ ਸਿੰਘਾਂ ਜੈਸਾ ਦਲ ਸਾਮਨੇ,ਦੇਖਕੇ ਗਾਜ਼ੀਆਂ ਦੇ ਭਾ ਦੀ ਪਰਲੋ ਆ ਗਈ ਤੇ ਲਗੇ ਉਲਟੇ ਭਜਨ, ਮੈਦਾਨ ਖਾਲੀ ਛਡਕੇ ਭਜ ਤਾਂ ਗਏ ਪਰ ਤਦ ਵੀ ਓਥੇ ਦੋਕੁ ਹਜ਼ਾਰ ਗਾਜ਼ੀ ਦਾ ਸੱਥਰ ਲਥਾ.

ਪੈਦੇਖਾਂ ਅੰਬਵਾਲੇ ਦਾ ਸੁਧਾਓ. (੪੨)

ਪਾਲੇ ਦੀ ਰੁਤ ਬੜੇ ਜ਼ੋਰ ਵਿਚ ਸੀ, ਪਰ ਸਰਦਾਰ ਜੀ ਦੀ

ਫੌਜ ਸਬਨਾਂਨੂੰ ਸਿਧਾ ਕਰੀਜਾਂਦੀ ਤੇਅਗੰਵਧਰਹੀਸੀ,ਥਾਂਬਰਥਾਂ ਠਾਨੇ ਬਿਠਾ ਦਿਤੇ, ਤੇ ਅਗਰੌਰ ਦੇਪਾਸ ਇਕ ਬੇਲੀਆਂ ਨਾਮੇਂ ਪਿੰਡ ਪਾਸ ਪਹੁੰਚੇ,ਇਹਪਿੰਡ ਸਰਕਾਰ ਦੀ ਹਦ ਵਿਚ ਤਾਂ ਮਿਲਾ ਦਿਤਾ ਪਰ ਪੁਛਨ ਤੇ ਪਤਾਲਗਾ ਕਿ ਪੈਦੇਖਾਂਨਾਮੇ ਪਠਾਨ ਅੰਬ ਪਿੰਡਦਾ ਰਹਿਨ ਵਾਲਾ ੨੦੦੦ ਘੋੜ ਚੜੀ ਸੈਨਾ ਨਾਲ ਹਰ ਸਾਲ ਆਕੇ ਵੈਰਾਨੀ ਕਰਦਾ ਹੈ, ਅਤੇ ਜੋ ਮੁੰਡਾ ਕੁੜੀ ਅਨਾਜ ਮਾਲ ਹਥ ਆਵੇ ਲੁਟ ਲਿਜਾਂਦਾ ਹੈ.

ਇਸਬਾਤ ਨੂੰ ਸੁਨਕੇ ਸਰਦਾਰਜੀ ਨੇ ਆਪਨੀ ਫੌਜ ਨੂੰ ਓਥੇ ਮੁਕਾਮ ਕਰਨ ਵਾਸਤੇ ਹੁਕਮਦੇ ਦਿਤਾ, ਤੇ ਸੁਣਾ ਦਿਤਾ ਕਿ ਕੋਈ ਚੀਜ਼ ਕਿਸੇ ਕੋਲੋਂ ਮੁਫਤ ਨ ਲਈ ਜਾਵੇ,ਜੋਲੈਸੋ ਵਾਜਬੀ ਕੀਮਤ ਦੇ ਦੇਵੇ,ਦੋ ਚਾਰ ਦਿਨ ਓਥੇ ਪੜਾ ਕਰਕੇ ਉਸ ਇਲਾਕੇ ਦਾ ਊਚਨੀਚ ਵੀ ਦੇਖਿਆ, ਸੂਹਿਆਂ ਨੇ ਭੀ ਪਤੇ ਆਂਦੇ ਸੋ ਇਕ ਦਿਨ ਸੁਵੇਰ ਦੇ ਦੀਵਾਨ ਵਿਚ ਸਰਦਾਰ ਜੀਨੇ ਮੁਨਸ਼ੀ ਨੂੰ ਹੁਕਮ ਦਿਤਾ ਕਿ ਪੈਦੇਖਾਂ ਨੂੰ ਇਕ ਪਰਵਾਨਾ ਲਿਖੋ, ਕਿ ਅੱਗੇ ਤੋਂ ਇਸ ਪਾਸੇ ਕਦੀ ਨ ਆਵੇ, ਅਰ ਕਿਸੇ ਅਨਾਥ ਗਰੀਬ ਰਈਅਤ ਪਰ ਜ਼ੁਲਮ ਕਰਕੇ ਉਨ੍ਹਾਂ ਦੇ ਮੁੰਡੇ ਕੁੜੀਆਂ ਮਾਲ ਅਸਬਾਬ ਅਨਾਜ ਵਗੈਰਾ ਨ ਲੁੱਟੇ, ਕਿਉਂਕਿ ਏਹ ਪਿੰਡ ਹੁਨ ਤੋਂ ਮਹਾਰਾਜਾ ਰਣਜੀਤਸਿੰਘ ਜੀ ਦੀ ਹੱਦ ਵਿੱਚ ਕੀਤਾ ਗਿਆ ਹੈ,ਤੇ ਜੇ ਆਪਨੀ ਬਹਾਦਰੀ ਦਾ ਗੁਮਾਨ ਹੋਵੇ ਤਾਂ ਸਨਮੁਖ ਹੋਕੇ ਸੂਰਮਾ ਬਨੇ, ਕਿਉਂ ਜੋ ਵਿਚਾਰੀ ਰਈਅਤ ਨੂੰ ਮਾਰਿਆਂ, ਕੁਛ ਵਡਜਾਈ ਨਹੀਂ ਮਿਲਜਾਨੀ,ਤੇਨਾਹੀਂਏਹਕਿਸੇਸੂਰਮੇਦਾਕੰਮਹੈ.

ਏਹ ਪਰਵਾਨਾ ਲਿਖਵਾਕੇ ਸਰਦਾਰ ਜੀਨੇ ਦਸਤਖਤ ਕਰ ਦਿੱਤੇ, ਤੇ ਇੱਕ ਸਿਪਾਹੀ ਦੇ ਹਥ ਦੇਕੇ ਓਥੋਂ ਦੇ ਇੱਕ ਪਠਾਨ ਨੰਬਰਦਾਰ ਦੇ ਨਾਲ ਅੰਬ ਨਗਰ ਨੂੰ ਤੋਰ ਦਿੱਤਾ.

ਪਾਠਕ ਪੜ੍ਹ ਆਏ ਹਨ ਕਿ ਏਹ ਓਹੋ ਪੈਦਾ ਖਾਂ ਸੀ ਕਿ ਜਿਸਨੇ ਸੈਦ ਅਹਿਮਦ ਤੋਂ ਡਰਦਿਆਂ ਸਰਦਾਰ ਜੀ ਦੀ ਸ਼ਰਨ ਫੜੀ ਸੀ, ਤੇ ਸਹਾਇਤਾ ਵਾਸਤੇ ਘਿਘਿਆਯਾ ਸੀ, ਪਰਹੁਣਏਹ ਪਹਿਲੇ ਜੇਹਾ ਨਿਮਰ ਤੇ ਦੀਨ ਨਹੀਂ ਸੀ, ਕਿਉਂ ਕਿ ਸੈਦ ਅਹਿਮਦ ਦੀਆਂ ਬਹੁਤ ਸਾਰੀਆਂ ਤੋਪਾਂ ਤੇ ਮਾਲ ਅਸਬਾਬ ਇਸਨੇ ਸਿੰਘਾਂ ਦੀ ਸਹਾਇਤਾ ਨਾਲ ਖੋਹ ਲਿਆ ਸੀ, ਤੇ ਉਸਤੋਂ ਪਿਛੋਂ ਹੋਰ ਬਹੁਤ ਸਾਰੀ ਲੁੱਟਮਾਰ ਕਰਦਾ ਤੇ ਆਪਨੇ ਇਲਾਕੇ ਨੂੰ ਵਧਾਉਂਦਾ ਰਿਹਾ ਸੀ, ਸ਼ਰਈ ਮੁਲਾਨੇ ਤੇ ਤਅਸਬੀ ਮੌਲਵੀ ਸਦਾ ਇਸਦੇ ਸੰਗੀ ਸੇ, ਤੇ ਮੁਲਖਈਯੇ ਨੂੰ ਲੁੱਟ ਮਾਰਦੀ ਆਸ ਤ੍ਰੇ ਜਹਾਦ ਦੇ ਬਹਾਨੇ ਪ੍ਰੇਰਦੇ ਸਨ, ਇਸ ਵੇਲੇ ਉਸਦੇ ਨਾਲ ਕੋਈ ਬੀਸਕੁ ਹਜ਼ਾਰ ਫੌਜ ਦੀ ਭੀੜ ਭਾੜ ਵੀ ਸੀ, ਕੋਈ ਲੌਹਢੇਕੁ ਵੇਲੇ ਇਹ ਪਰਵਾਨਾ ਸਿੰਘਜੀ ਪੈਦੇਖਾਂ ਦੇ ਪਾਸ ਲੈਗਏ, ਅਤੇ ਭਰੇ ਦੀਵਾਨ ਵਿੱਚ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਕੀ ਫਤਹ ਗਜਾ ਕੇ ਪਰਵਾਨਾ ਦੇ ਦਿੱਤਾ, ਜਿਸ ਨੂੰ ਸੁਣਦਿਆਂ ੨ ਖਾਂ ਜੀ ਤ੍ਰਾਂ ਕਪੜਿਆਂ ਤੋਂ ਬਾਹਰ ਹੋ ਗਏ, ਉੱਤੋਂ ਸ਼ਰੱਈ ਮੁਲਾਨਿਆਂ ਨੇ ਹੋਰ ਚਾਸ਼ਨੀ ਚੜ੍ਹਾਈ, ਸੋ ਹੁਨ ਨੇਤ੍ਰ ਲਾਲ ਕਰਕੇ ਬੋਲੇ:—

"ਕਿ ਹੈਂ! ਕਾਫਰ ਕਿਰਾੜ ਭੀ ਹਮ ਕੋ ਲੜਾਈ ਕੇ ਵਾਸਤੇ ਪੁਕਾਰਤੇ ਹੈਂ! ਤੁਹੇਂ ਵਕਤ ਯਾਦ ਨਹੀਂ ਜਬ ਕਿ ਹਮਾਰੀ ਫੌਜ ਕੇ ਬਾਰਬਰਦਾਰੀ ਕੋ ਸਿਰੋਂ ਪਰ ਉਠਾਤੇ ਥੇ! ਹਜ਼ਾਰੋਂ ਕੋ ਰੋਜ਼ ਕਤਲ ਕੀਆ ਜਾਤਾ ਥਾ! ਕਿਸੀਨੇ ਉੱਫ ਨ ਕੀ! 'ਇਨਕੇ ਪੇਸ਼ਵਾਓ ਤਕ ਕੈਦ ਕਰਕੇ ਮਾਰਾ! ਲੇਕਿਨ ਯੇਹ ਬੇਦੱਮ ਥੇ! ਜਲਾਲੁਦੀਨ ਖਿਲਜੀ ਕੀ ਦੇਹਲੀ ਕੀ ਈਦ ਇਨਕੋ ਭੂਲ ਗਈ, ਕਿ ਜਿਸ ਦਿਨ ਇਸਕੇ ਕਿਲੇ ਵ ਜਾਮਾ ਮਸ੍ਜੱਦ ਕੀ ਦੀਵਾਰੋਂ ਪਰ ਚੌਦਾਂ ਹਜ਼ਾਰ ਹਿੰਦੂ ਰਈਸੋਂ ਕੇ ਸਿਰ ਚਰਾਗੋਂ ਕੀ ਰੌਸ਼ਨੀ ਕੇ ਤਲੇ

ਜਲ ਰਹੇ ਥੇ! ਔਰ ਬੀਸ ਹਜ਼ਾਰ ਲੜਕੇ ਔਰ ਲੜਕੀਆਂ ਉਨਕੇ ਸਰਪ੍ਰਸਤ ਵਾਲਦੈਂਨੋ* ਮੇਂ ਛੀਨਕਰ ਮੁਸਲਮਾਨੋਂ ਕੋ ਖਿਦਮਤ ਲੇਨੇ ਕੇ ਲੀਏ ਬਾਂਟੇ ਗਏ ਥੇ! ਮਾਹਮੂਦ ਗਜ਼ਨਵੀਕੇ ਸਤਾਰਾਂ ਖ਼ੂਨ ਖਾਰ ਹਮਲੇ ਤੋਂ ਸਤਾਰਾਂ ਪੁਸ਼ਤ ਤਕ ਵੀ ਦਿਮਾਗ਼ ਕੋ ਚਕ੍ਰਾਏ ਰਖੇਂਗੇ! ਫੀਰੋਜ਼ਸ਼ਾਹ ਕੇ ਭਿਲਸੇ † ਕੇ ਬੇਸ਼ੁਮਾਰ ਮੰਦਰੋਂ ਕੇ ਬੁਤੋਂ ਕੋ ਜਮਾ ਕਰਕੇ ਤੋੜਨਾ ਔਰ ਉਨ ਪੱਥਰੋਂ ਕੋ ਰੋਜ਼ ਏਕ ੨ ਹਜ਼ਾਰ ਹਿੰਦੂ ਕੇ ਖ਼ੂਨ ਮੇ ਗੁਸਲ ਕਰਵਾਨਾ ਇਨ ਛਤ੍ਰੀ ਹਿੰਦੂ ਰਾਜਪੂਤੋਂ ਨੇ ਦੇਖਾ! ਪਰ ਚੂੰ ਤਕ ਨ ਕੀ, ਜਜ਼ੀਏ ਕਾ ਟੈਕਸ ਦੀਆ, ਫੀਰੋਜ਼ਸ਼ਾਹ ਔਰ ਗਿਆਸ਼ਦੀਨ ਕੇ ਜ਼ੁਲਮ ਜਬਕਿ ਆਠ ਹਜ਼ਾਰ ਹਿੰਦੂ ਔਰਤੇਂ ਆਪਨੀ ਇਜ਼ਤ ਕੇ ਲੀਏ ਆਗ ਮੇਂ ਜਲਕਰ ਖ਼ਾਕ ਸਿਆਹ ਹੋ ਗਈਂ, ਬੇਸ਼ੁਮਾਰ ਹਿੰਦੂ ਕਤਲ ਕੀਏ, ਲਖੂਖਹਾ ਦੋ ੨ ਰੁਪਏ ਕੋ ਗ਼ਜ਼ਨੀ ਮੇਂ ਜਾਕਰ ਬਿਕੇ, ਔਰ ਬੇਸ਼ੁਮਾਰ ਮੁਸਲਮਾਨੋਂ ਨੇ ਆਪਨੇ ਖਿਦਮਤਗਾਰ ਬਨਾਏ, ਕਈਓ ਨੇ ਦੀਨ ਇਸਲਾਮ ਕਬੂਲ ਕੀਆ ਔਰ ਸਰਫਰਾਜ਼ ਕੀਏ ਗਏ, ਆਖ਼ਰਿਸ਼ ਔਰੰਗਜ਼ੇਬ ਕੀ ਕਾਰਰਵਾਈ, ਕਸ਼ਮੀਰ ਔਰ ਦੱਖਨ ਕੀ ਲੂਟ ਵਗੈਰਾ ਭੂਲ ਗਏ, ਮੁਝੇ ਰਹਿਮ ਆਤਾ ਹੈ ਕਿ ਆਜ ਵੁਹੀ ਕਾਫਰ, ਉਨਹੀ ਗੀਦੜੋਂ ਕੀ ਔਲਾਦ ਏਕ ਪਠਾਨ ਸਰਦਾਰ ਕੋ ਲੜਾਈ ਕੇ ਲੀਏ ਪੁਕਾਰਤੇ ਹੈ” !!!

ਗਲ ਕੀ ਉਸਨੇ ਕਈ ਪਿਛਲੀਆਂ ਦਿਲ ਚੀਰਵੀਆਂ ਗਲਾਂ ਸੁਨਾਈਆਂ ਤੇ ਸਿੰਘਜੀ ਨੂੰ ਕਹਿਨ ਲੱਗਾ ਕਿ ਤੂੰ ਨਾਮਾਂਬਰ ਏਲਚੀ ਹੈਂ, ਇਸ ਵਾਸਤੇ ਜਾ ਤੇਰੀ ਜਾਨ ਬਖ਼ਸ਼ੀ ਕੀਤੀ, ਫਿਰ

* ਰਖਿਅਕ, ਮਾਪੇ

† ਦਖਨ ਵਿੱਚ ਬੜਾ ਸ਼ਹਿਰ ਸੀ.

ਕਦੀ ਐਸਾ ਵਾਹਯਾਤ ਭੜਕਾਊਵਾਲਾ ਖ਼ਤ ਲੈਕੇ ਕਿਸੇ ਪਠਾਨ ਪਾਸ ਨ ਜਾਵੀਂ, ਇਸ ਬਾਤਨੂੰ ਸਿੰਘ ਜੀ ਨੇ ਬੜੇ ਧੀਰਜ ਨਾਲ ਸੁਨਕੇ ਜਰਿਆ ਤੇ ਉਤ੍ਰ ਦਿਤਾ ਕਿ ਖਾਂ ਜੀ ਮੈਂਭੀ ਏਲਚੀ ਹਾਂ, ਤੇ ਆਪਨੇ ਫ਼ਰਜ਼ ਦੇ ਹਰਜ ਹੋਨ ਤੋਂ ਡਰਕੇ ਆਪ ਦੀਆਂ ਏਹ ਬਾਤਾਂ ਜੋ ਹੁਨ "ਇਕ ਕਹਾਨੀ ਹੋ ਢੁਕੀਆਂ ਹਨ" ਸੁਨੀਆਂ ਹਨ, ਨਹੀਂ ਤਾਂ ਆਪ ਦੀ ਕੀ ਮਜਾਲ ਸੀ ਜੋ ਐਸੇ ਦਿਲਖ਼ਰਾਸ਼(ਹ੍ਰਿਦਯ ਵਿੰਨਣਵਾਲੇ) ਤਾਨੇਸੁਨਾਓ, ਆਪਨੇਵਡਿਆਂ ਦੀ ਇਸ ਕਹਾਵਤ ਨੂੰ ਯਾਦ ਕਰੋ ਕਿ 'ਗੁਜ਼ਸ਼ਤਾਰਾ ਸਲਵਾਤ ਆਇੰਦਾਰਾ ਇਹਤਿਆਤ' ਪਿਛਲਾ ਨ ਚੇਤੇ ਕਰੋ ਤੇ ਹੁਨ ਅਗਾ ਸਵਾਰੋ.

ਹੁਨ ਏਹ ਫੌਜ ਗਿਦੜਾਂ ਦੀ ਔਲਾਦ ਨਹੀਂ ਹੈ, ਬਲਕਿ ਸਭ ਇਕੋ ਮਾਤਾ ਦੇ ਪੁੱਤ੍ਰ ਹਨ, ਅੱਗੇ ਵਾਙੂ ਪੰਜ ਘਰ ਤੇ ਸਤ ਚੁਲ੍ਹੇ ਨਹੀਂ ਹਨ,ਸਭਬਰਨਅੰਮ੍ਰਤਛਕਕੇ ਇਸਮਤ ਵਿੱਚ ਆਕੇ ਇਕ ਹੁੰਦੇ, ਤੇ ਇਕ ਧਾਰਮਿਕ ਪਿਤਾ ਦੇ ਪੁਤ੍ਰ ਕਹਿਲਾਂਉਦੇ ਹਨ, ਕੋਈ ਜ਼ਾਤੀ ਭੇਦ ਨਹੀਂ ਰਹਿੰਦਾ*, ਇਸਨੂੰ ਸਾਡੇ ਗੁਰੂਆਂਨੇ ਆਪਨੀ-ਆਂ ਜਾਨਾਂ ਵਾਰ ੨ ਕੇ ਉਗਾਯਾ, ਤੇ ਆਪਨੇ ਸਰਬੰਸ ਤਕ ਅਜ਼ੀਜ਼ਾਂ ਦਾ ਖੂੰਨ ਪਾਕੇ ਸਿੰਜਿਆ ਤੇ ਬਸ਼ੁਮਾਰ ਸੂਰਮੇ ਸਿਦਕੀ ਸਿੰਘਾਂ ਦੇ ਲਹੂ ਦਾ ਖੂਹ ਗੇੜ੨ ਕੇ ਤਿਆਰ ਕੀਤਾ, ਤੇ ਅਨਗਿਨਤਸਿਦਕੀਭਜਨੀਕਸਿੰਘ,ਸਿੰਘਨੀਆਂਤੇਬਾਲਾਂਦੇਹੱਡ

*ਪਿਆਰੇ ਖਾਲਸਾ ਜੀ ਜ਼ਰਾ ਪਿਛਲਿਆਂ ਨੂੰ ਦੇਖੋ ਤੇ ਆਪਨੇ ਜੀਵਨਾਂ ਨੂੰ ਸੁਧਾਰੋ ਤੇ ਆਪਨੇ ਭੁਲੇ ਹੋਏ ਭਰਾਵਾਂ ਨੂੰ ਜੋ ਅੰਨਮਤਾਂ ਵਿਚ ਠੋਕਰਾਂ ਖਾ ਰਹੇ ਹਨ ਗਲ ਨਾਲ ਲਾਓ.

ਤੇ ਮਿੱਝ ਦੀ ਖਾਦ ਦਿੱਤੀ, ਜਿਸ ਨੂੰ ਹੁਨ ਫੁਲ ਲੱਗਨ ਲੱਗੇ ਹਨ, ਤੁਸੀ ਪਿਛਲਾ ਜਾਨ ਦੇਵੋ ਤੇ ਅੱਗੋਂ ਦਾ ਕੁਝ ਆਪਨਾ ਉਪਤਾਲਾਕਰੋ, ਅਰ ਮੈਨੂੰ ਕੁਛ ਇਸ ਪਰਵਾਨੇ ਦਾ ਉੱਤਰ ਲਖ ਦੇਵੋ. ਪਰ ਮੈਂ ਇਸ ਬਾਤ ਨੂੰ ਵੀ ਚੇਤਾ ਕਰਵਾਦੇਂਦਾ ਹਾਂ ਕਿ ਇਸ ਫੌਜ ਨੂੰ ਟੁੱਟੀ ਫੁਟੀ ਗਾਂਢਵੀ ਧਾੜ ਨ ਸਮਝਨਾ ਇਸਦਾ ਉਤ੍ਰ ਚੰਗੀ ਤਰਾਂ ਆਪਨੇ ਕਾਜ਼ੀ ਮੁਲਾਨਿਆਂ ਨਾਲ ਸਲਾਹ ਕਰਕੇ ਦੇਵੋ, ਤੁਸੀ ਜਾਫਰਖਾਂ ਗੋਲੜਾਈ,ਸੈਦਅਹਿਮਦ ਜਹਾਦੀ ਦਾ ਹਾਲ ਤਾਂ ਜਾਨਦੇ ਹੀ ਹੋ, ਕਿ ਐਸੇ ਜਹਾਦੀ ਫਸਾਦੀ ਜੋ ਨਾਮੀ ਸੂਰਮੇ ਤੇ ਬੜੀਆਂ ੨ ਫੌਜਾਂ ਦੇ ਮਾਲਕ ਸਨ, ਸਿੰਘਾਂ ਤੋਂ ਹਾਰ ਖਾਗਏ ਕੀ ਓਹ ਪਠਾਨ ਨਹੀਂ ਸੇ? ਬਕਰੀਆਂ ਸਨ ਯਾਂ ਕੋਈ ਫੌਜ ਨਹੀਂ ਸੀ,ਤੇ ਪੱਥਰ ਦੀਆਂ ਮੂਰਤਾਂਘੜੀਆਂ ਹੋਈਆਂ ਸਨ ? ਯਾਂ ਓਨਾਂ ਦੇ ਹਥਿਆਰ ਲਕੜ ਦੇ ਸਨ ? ਯਾਂ ਓਹ ਤੁਹਾਥੋਂ ਘਟ ਜਹਾਦ ਕਰਨ ਵਾਲੇ ਸ਼ਰਾ ਦੇ ਪਾਬੰਦ ਮੁਸਲਮਾਨ ਸਨ ? ਮੈਨੂੰ ਤਾਂ ਜਿਥੋਂ ਤਕ ਮਾਲੂਮਹੈ,ਓਹ ਤੁਹਾਡੇ ਕੋਲੋਂ ਵਧੀਕ ਕਦਾਵਰ ਬਲਵਾਨ ਜੁਵਾਨ ਤੇ ਸਿਆਨੇ, ਮਤੱਕੀ ਤੇ ਬਹੁਤ ਫੌਜਾਂਦੇ ਮਾਲਕ ਸਨ, ਸੋ ਹੁਨ ਤੁਸੀ ਪਠਾਨਪੁਨੇ ਦੇ ਘੁਮੰਡ ਵਿਚ ਨਾ ਰਹਿ ਜਾਨਾ, ਇਹ ਫੌਜ ਉਸ ਗੁਰੂ ਦੀ ਕੁਰ-ਬਾਨੀ ਦਾ ਨਤੀਜਾ ਹੈ, ਕਿ ਜਿਸ ਦੇ ਅਦੁਤੀ ਹੌਸਲੇ ਨੇ ਏਹ ਬਾਤ ਸਿੱਧ ਕਰ ਦਿਤੀ ਹੈ ਕਿ "ਚਿੜੀਆਂ ਕੋਲੋਂ ਬਾਜ ਤੁੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ" ਦੂਸਰਾ "ਸਵਾ ਲਾਖ ਸੰਗ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ" ਤੁਹਾਡੀ ਸ਼ਰਾ ਤਾਂ ਕੇਵਲ ਦੋ ਕਾਫਰਾਂਨਾਲ ਇਕ ਮੁਸਲਮਾਨਨੂੰ ਲੜਨ ਵਾਸਤੇ ਕਹਿੰਦੀ ਹੈ ਪਰ ਸਾਡੇ ਤਾਂ ਸਵਾ ਲਖ ਦੀ ਹੱਦ ਹੈ, ਸੋ ਮੈਂ ਆਪਣਾ ਫ਼ਰਜ਼ ਪੂਰਾ ਕਰ ਚੁੱਕਾ ਹਾਂ ਆਪ ਨੂੰ ਸਬ ਸਮਝਾ

ਦਿੱਤਾ ਹੈ ਅੱਗੇ ਤੁਸੀਂ ਜਾਨੋਂ, ਮੈਨੂੰ ਇਸ ਪਰਵਾਨੇ ਦਾ ਉੱਤਰ ਛੇਤੀ ਦੇਵੋ,ਕਿਉਂਕਿ ਮੈਂ ਰਹਿਰਾਸ ਦਾ ਪਾਠ(ਆਪਨੀ ਸ਼ਾਮ ਦੀ ਇਬਾਦਤ) ਵੀ ਓਥੇ ਆਪਨੇ ਦੀਵਾਨ ਵਿਚ ਜਾ ਕੇ ਕਰਨਾ ਹੈ.

ਇਹਨਾਂ ਖਰਵੀਆਂ ੨ ਸੱਚੀਆਂ ਗਲਾਂ ਨੂੰ ਸੁਨ ਕੇ ਪੈਦੇ ਖਾਂ ਦਾ ਲਹੂ ਜੱਮ ਗਿਆ,ਵੱਢੋ ਤਾਂ ਬਿਲਕੁਲ ਨ ਸਿੱਮੇਂ,ਪੱਥਰ ਦੀ ਮੂਰਤ ਹੋ ਗਿਆ, ਕਿਉਂਕਿ ਓਹ ਖੁਦ ਜਾਫਰ ਖਾਂ ਗ਼ੋਲਜ਼ੀਏ ਤੋਂ ਡਰਦਾ ਹੁੰਦਾ ਸੀ, ਤੇ ਸੈਦ ਅਹਿਮਦ ਤੋਂ ਡਰਦੇ ਤਾਂ ਉਸਨੇ ਸਿੰਘਾਂ ਦੀ ਸ਼ਰਨ ਹੀ ਫੜੀ ਸੀ,ਸੋ ਜਿਸ ਸਰਦਾਰ ਦੀ ਫੌਜ ਦੇ ਇਕ ਸਿਪਾਹੀ ਦੀ ਏਹ ਬਹਾਦਰੀ ਹੋਵੇ, ਓਹ ਸਰਦਾਰ ਤੇ ਓਸ ਦੀ ਸਾਰੀ ਫੌਜ ਕਿੰਨੀਕੁ ਬਹਾਦਰ ਹੋਵੇਗੀ ਤੇ ਓਹ ਆਪ ਸਰਦਾਰ ਕਿਤਨਾਕੁ ਅਕਲਮੰਦ ਦੂਰਅੰਦੇਸ਼ ਮੁੰਤਜ਼ਿਮ ਸੂਰਮਾਂ ਹੋਵੇਗਾ? ਇਨਾਂ ਦਲੀਲਾਂ ਵਿਚ ਗ਼ਲਤਾਨ ਹੋਏ੨ ਪੈਦੇ ਖਾਂ ਨੇ ਕਾਜ਼ੀਆਂ ਨੂੰ ਪ੍ਰਵਾਨੇ ਦਾ ਉਤਰ ਲਿਖਨ ਵਾਸਤੇ ਸਲਾਹ ਪੁੱਛੀ.

ਕਾਜ਼ੀ ਬੋਲਿਆ ਕਿ ਸ਼ਰਾ ਕਹਿੰਦੀ ਹੈ"ਕਿ ਮਰ ਜਾਓ ਪਰ ਕਾਫ਼ਰ ਦੀ ਸਿਫ਼ਤ ਨ ਕਰੋ"ਤੇ ਤੁਸੀਂ ਫਿਰ ਕਿਉਂ ਲੜਾਈ ਦੇ ਵਾਸਤੇ ਨਹੀਂ ਲਿਖ ਦੇਂਦੇ, ਅਸੀਂ ਜਹਾਦ ਕਰਾਂਗੇ ਆਪਨੇ ਇਸ ਦੁੰਬਿਆਂ ਖਾਣ ਵਾਲੇ ਮੁਲਖਈਏ ਨੂੰ ਇਕੱਠਾ ਕਰਕੇ ਇਸ ਟੁੱਟੀ ਫੁੱਟੀ ਗਾਂਢਵੀ ਧਾੜ ਗਾਜਰਾਂ ਖਾਣ ਵਾਲਿਆਂ ਨਾਲ ਲੜਾਈ ਕਰਕੇ ਜਾਫ਼ਰ ਖਾਂ ਦਾ ਵੈਰ ਲਵਾਂਗੇ, ਤ ਸਿੱਧਾ ਤੁਕ ਬਨਾ ਕੇ ਘਰਾਂ ਨੂੰ ਮੋੜ ਦੇਵਾਂਗੇ, ਏਹ ਮਤਾ ਪਕਾ ਕੇ ਕਾਜ਼ੀ ਨੇ ਬਸਤਾ ਖੋਲ੍ਹਿਆ ਤੇ ਸਰਦਾਰ ਹਰੀ ਸਿੰਘ ਜੀ ਨੂੰ ਇਸ ਮਜ਼ਮੂਨ ਦਾ ਉੱਤਰ ਲਿਖਿਆ :—

ਸਲਾਮ "ਸਾਨੂੰ ਤੇਰੇ ਭੇਜੇ ਹੋਏ ਏਲਚੀ ਤੋਂ ਪਤਾ ਲੱਗਾ ਹੈ ਕਿ ਤੂੰ ਸਾਨੂੰ ਸਾਡੇ ਰੋਜ਼ਗਾਰ ਤੇ ਸ਼ਿਕਾਰ ਤੋਂ ਬੰਦ ਕਰਦਾਹੈਂ,

ਯਾਂ ਲੜਾਈ ਦੀ ਧਮਕੀ ਦੇਂਦਾ ਹੈਂ, ਸੋ ਅਸੀਂ ਲੜਾਈ ਵਾਸਤੇ ਤਿਆਰ ਹਾਂ ਤੇ ਲਿਖਦੇ ਹਾਂ, ਕਿ ਫੌਜ ਨਾਲ ਫੌਜ ਤੇ ਮੇਰੇ ਨਾਲ ਤੂੰ ਖੁਦ ਹਥ ਕਰਨਾ ਹੋਵੇਗਾ ! ਸੋ ਜਿਸ ਦਿਨ ਦਿਲ ਚਾਹੇ ਆਕੇ ਦੋ ਹਥ ਕਰ ਜਾਵੇ ਅਸੀਂ ਤੈਨੂੰ ਵੰਗਾਰਕੇ ਲਿਖਦੇ ਹਾਂ".

ਏਹ ਉਤ੍ਰ ਲੈਕੇ ਏਲਚੀ ਸਿੰਘ ਸੰਗ ਦੇ ਦੀਵਾਨ ਵਿੱਚ ਆਗਿਆ, ਤੇ ਅਰਦਾਸਾ ਸੋਧਨ ਦੇ ਪਿਛੋਂ ਓਹ ਸੁਨਾਯਾ ਗਿਆ ਤੇ ਪੈਂਦੇਖਾਂ ਦੇ ਹਵਾਈ ਕਿਲੇ ਦੀ ਵਾਰਤਾ ਵੀ ਦੱਸੀ, ਤਾਂ ਸਿੰਘਾਂਦੇ ਚੇਹਰੇ ਬੀਰ ਰਸ ਵਿੱਚ ਬਸੰਤ ਦੀ ਬਹਾਰ ਵਾਙੂ ਖਿਲ ਗਏ, ਤੇ ਦੂਸਰੇ ਦਿਨ ਸੁਵੇਰੇ ਹੀ ਓਧਰ ਦਾ ਧਾਵਾ ਬੋਲ ਦਿੱਤਾ.

ਏਲਚੀ ਸਿੰਘ ਦੇ ਤੁਰਨ ਤੋਂ ਪਿਛੋਂ ਪੈਂਦੇਖਾਂ ਨੇ ਆਪਨੇ ਇਕ ਪੁਤ੍ਰ ਨੂੰ ਭੇਸ ਵਟਾਕੇ ਸੂਹਾ ਬਨਾਕੇ ਭੇਜ ਦਿੱਤਾ ਸੀ, ਜੋ ਜਾਕੇ ਸਰਦਾਰ ਹਰੀਸਿੰਘ ਦੀ ਕਾਰਰਵਾਈ ਦੇਖੇ, ਓਹ ਵਿਚਾਰਾ ਸਿੰਘਾਂ ਦੀ ਐਸੀ ਫੁਰਤੀ ਦੇਖਕੇ ਭੈ ਭੀਤ ਹੋਗਿਆ ਅਤੇ ਓਸ ਰਾਤੀ ਲੰਗਰ ਵਿੱਚ ਸਬਜ਼ ਪੁਲਾ (ਸਾਗ) ਵਰਤੀਂਦਾ ਦੇਖਕੇ ਹੋਰ ਭੀ ਚਕ੍ਰਾਇਯਾ, ਕਿ ਬੜੀ ਅਨੋਖੀ ਬਾਤ ਹੈ ਸਾਗਪਾਤ ਖਾਨ ਵਾਲੇ ਚੰਗੇ ਮੋਟੇ ਤਾਜ਼ੇ ਚਰਬੀ ਭਰੇ ਦੁੰਬਿਆਂ ਨੂੰ ਹਜ਼ਮ ਕਰਨ ਵਾਲੇ ਪਠਾਨਾਂ ਨੂੰ ਲੜਾਈ ਵਿੱਚ ਵੰਗਾਰਦੇ ਹਨ, ਨ ਕੋਈ ਚੱਜ ਦਾ ਹਥਿਆਰ ਹੈ ਨ ਕੋਈ ਚੰਗਾ ਸਾਮਾਂਨ ਤੇਨਾਹੀ ਬਹੁਤ ਘੋੜੇ ਤੇ ਤੋਪਾਂ ਤੇ ਹੋਰ ਦੂਸਰਾ ਸਾਜ਼ ਸਾਮਾਨ ਹੈ ਪਰ ਹੁਕਮ ਵਿੱਚ ਬੜੇ ਪੱਕੇ ਹਨ ਏਨ੍ਹਾਂਦੀ ਫੁਰਤੀ ਸ਼ੇਰਨੂੰ ਵੀ ਪਿਛੇ ਸੁਟਦੀ ਹੈ, ਲਿੱਸੇ ਪਤਲੇ ਮਾਲੂਮ ਹੁੰਦੇ ਹਨ, ਲੜਾਈ ਦਾ ਹੁਕਮਸੁਨਦੇ ਹੀ ਸਭ ਦੇ ਰੰਗ ਲਾਲ ਸੋ ਵਰਗੇ ਹੋਗਏ ਸਨ, ਜੋ ਸਾਡੀ ਫੌਜ ਵਿੱਚ ਕਿਧਰੋਂ ਢੂੰਢਿਆਂ ਵੀ ਨਹੀਂ ਲਭਦੇ.

ਇਹ ਹਾਲ ਦੇਖਕੇ ਪੈਂਦੇਖਾਂ ਦਾ ਪੁੱਤ੍ਰ ਤਾਂ ਪਿਛਲੀ ਰਾਤੀ

ਆਪਨੇ ਪਿਉ ਪਾਸ ਆਗਿਆ ਤੇ ਸਬ ਹਾਲ ਆ ਸੁਨਾਯਾ.

ਇਸ ਗਲ ਨੂੰ ਸੁਨਕੇ ਪੈਦੇਖਾਂਨੂੰ ਏਲਚੀ ਸਿੰਘ ਦਾ ਕਹਿਨਾ ਬਿਲਕੁਲ ਸਚਾ ਭਾਨ ਹੋਯਾ, ਪਰ ਹੁਨ ਤੀਰ ਕਮਾਨੋਂ ਨਿਕਲ ਚੁਕਾਸੀ ਤੇ ਸਿੰਘ ਵੀ ਅਟਕ ਦੇ ਪਾਸ ਆ ਗਏ ਸਨ.

ਦੂਸਰੀ ਸੁਵੇਰੇ ਸੂਰਜ ਭੀ ਤਾਰਿਆਂ ਦੀ ਫੌਜ ਨੂੰ ਆਪ-ਨੀਆਂ ਕਿਰਨਾਂ ਦੇ ਤੀਰਾਂ ਅੱਗੇ ਅਜੇ ਭਜਾਈ ਲਿਜਾ ਰਿਹਾ ਸੀ, ਕਿ ਪੈਦੇਖਾਂ ਦਾ ਪੁੱਤ੍ਰ ਆਪਨੇ ਪਿਓ ਦੀ ਚਿੱਠੀ ਲੈਕੇ ਸਰਦਾਰ.ਜੀ ਦੇ ਪਾਸ ਆ ਪਹੁੰਚਿਆ.

ਸੁਵੇਰ ਦੇ ਦੀਵਾਨ ਤੋਂ ਪਿਛੋਂ ਏਹ ਚਿਠੀ ਪੜੀ ਗਈ ਤਾਂ ਪਤਾ ਲਗਾ ਕਿ ਪੈਦੇਖਾਂ ਦੀ ਫੌਜ ਏਡੀ ਛੇਤੀ ਅਜੇ ਤਿਆਰ ਨਹੀਂ ਹੋਈ, ਸੋ ਲੜਾਈ ਤਿੰਨ ਦਿਨ ਤਕ ਹੋਰ ਨ ਹੋਵੇ, ਤਿੰਨ ਦਿਨ ਬੀਤ ਗਏ ਪੈਦੇਖਾਂਨੇ ਵੀ ਅਪਨੀ ਫੌਜ ਇਕੱਠੀ ਕਰਲਈ ਤੇ ਆਪਨਾਂ ਇੱਕ ਸੂੰਹਾ ਭੇਜਕੇ ਸਿੰਘਾਂ ਦਾ ਹਾਲ ਵੀ ਮਲੂਮ ਕੀਤਾ, ਏਹ ਸੂੰਹਾ ਅਧੀਰਾਤੀ ਹੀ ਭੇਸਵਟਾ ਆਸੇ ਪਾਸੇਤੋਂ ਖੋਜ ਕਢਦਾ ਫਿਰਿਆ, ਪਰ ਉਸ ਨੇ ਅੰਮ੍ਰਤਵੇਲੇ ਸਬ ਨੂੰ ਇਕਤਾਰ ਉਠਕੇ ਸ਼ੌਚ ਆਦਿਕ ਕਰਦੇ ਦੇਖਿਆ, ਅਤੇ ਜਦਸਿੰਘ ਦਾਤਨਾਂ ਕਰਨ ਲਗੇ ਤਾਂ ਦੇਖਕੇ ਪੁਛਨ ਲਗਾ ਕਿ ਏਹ ਕੀ ਹੈ ? ਕਿਸੇ ਨੇ ਕਿਹਾ ਕਿ ਸਿੰਘ ਦਾਤਨਾਂ ਕਰ ਰਹੇ ਹਨ.

ਸੂੰਹਾਂ । ਏਹ ਦਾਤਨਾਂ ਕੀ ਚੀਜ਼ ਹਨ ?

ਦੂਸਰਾ—ਕਿੱਕਰ ਫੁਲਾਹ ਆਦਿਕ ਦਰਖਤਾਂ ਦੀਆਂ ਹਨ.

ਸੂੰਹਾਂ— ਏਹ ਦੰਦਾਂ ਨਾਲ ਐਡੀ ਕਰੜੀ ਸਖ਼ਤ ਚੀਜ਼ ਕਿਸ ਤਰਾਂ ਫੇਹ ਲੈਂਦੇ ਹਨ ?

ਦੂਸਰਾ । ਸਿੰਘ ਐਸੇ ਹੀ ਦਲੇਰ ਮਰਦ ਹਨ.

ਸੂੰਹਾਂ ਏਹ ਗਲਾਂ ਸੁਨਕੇ ਖੂੰਥ ਚੜ੍ਹਾਇਯਾ, ਤੇ ਅਜੇ ਸਿੰਘ

ਤਿਆਰੀਆਂ ਵਿਚ ਹੀ ਸਨ, ਜੋ ਉਹ ਫੌਰਨ ਮੁੜ ਆਯਾ ਤੇ ਪੈਦੇ ਖਾਂ ਪਾਸ ਏਹ ਸਭ ਵਿਥ੍ਯਾ ਜਾ ਦੱਸੀ, ਤੇ ਕਹਿਨ ਲੱਗਾ ਖਾਂ ਸਾਹਿਬ ਸਿੰਘਾਂ ਦੀ ਫੁਰਤੀ ਦੇਖ ਕੇ ਬਿਜਲੀ ਭੀ ਲੱਜਿਤ ਹੁੰਦੀ ਹੈ, ਇਹ ਆਦਮੀ ਹਨ ਕਿ ਦੇਓ ? ਮੈਂ ਅੱਜ ਏਨਾਂ ਨੂੰ ਡਿੱਠਾ ਹੈ, ਏਹ ਤਾਂ ਲਕੜਾਂ ਚੱਬ ਜਾਂਦੇ ਹਨ ! ਏਸ ਬਾਤ ਨੇ ਪੈਦੇ ਖਾਂ ਨੂੰ ਹੋਰ ਗਮਗੀਨ ਕੀਤਾ, ਤੇ ਮੁਲਾਨੇ ਨੂੰ ਸਦ ਕੇ ਕਹਿਨ ਲਗਾ ਕਿ ਚੰਗੇ ਦੇਵਾਂ ਨਾਲ ਵਾਹ ਪਾ ਦਿਤਾ ਹਈ ! ਏਹ ਤਾਂ ਲਕੜਾਂ ਵੀ ਚਬਜਾਂਦੇ ਹਨ.

ਮੁਲਾ ! ਨਹੀਂ ਖਾਂਜੀ ਲਕੜਾਂ ਕੋਈ ਚਬ ਸਕਦਾ ਹੈ ?

ਪੈਦੇਖਾਂ ! ਏਹ ਮੂਹਾਂ ਹਾਜ਼ਰ ਹੈ ਸਭ ਕੁਛ ਪੁਛਲੌ।

ਮੂੰਹੇ ਨੇ ਸਭਹਾਲ ਸੁਨਾਦਿਤਾ. ਮੁਲਾਨਾ ! ਭਾਂਵੇ ਏਹ ਸਭ ਠੀਕ ਹੀ ਹੋਵੇ ਪਰ ਤਦ ਭੀ ਅਸਾਂ ਤਾਂ ਮੋਮਨ ਤੋਂ ਬਗੈਰ ਕਿਸੇ ਹੋਰਦੀ ਸਿਫਤ ਇਸ ਜ਼ਬਾਨ ਨਾਲ ਨਹੀਂ ਕਰਨੀ.

ਪੈਦੇਖਾਂ ! ਸਚ ਨੂੰ ਤਾਰੀਫ ਦੀ ਲੋੜ ਨਹੀਂ ਜੇ ਝੂਠ ਮੁਲੰਮਾ ਹੋਵੇ ਤਾਂ ਕੋਈ ਡਰ ਨਹੀਂ, ਪਰ ਹੁਨ ਤਾਂ ਐਨ ਸਾਮਨੇ ਖੜੇ ਹਨ, ਪੈਦੇਖਾਂ ਏਹ ਬਾਤ ਕਹਿੰਦਿਆਂ ੨ ਡਰਿਆ ਤੇ ਖਾਲਸਈ ਤਲਵਾਰ ਦਾ ਖੌਫ ਮਨਤੇ ਛਾ ਗਿਆ.

ਮੁਲਾਨਾ ! ਮੈਂ ਹਜ਼ੂਰ ਨੂੰ ਯਕੀਨ ਦੇਂਦਾ ਹਾਂ ਕਿ ਸਾਡੀ ਸ਼ਰਾ ਸ਼ਰੀਫ ਕਹਿੰਦੀ ਹੈ,ਕਿ ਲੁਟ ਲੌ ਤੇ ਮਾਰੋਂ ਕਾਫਰਾਂ ਨੂੰ ਜੋ ਇਸਲਾਮ ਤੇ ਈਮਾਨ ਨਹੀਂ ਲਿਔਂਦੇ,ਜੇ ਸ਼ਹੀਦ ਹੋਜਾਓਗੇ ਤਾਂ ਹੂਰਾਂਤੇ ਗਿਲਮਾਨ* ਮਿਲਨਗੇ ਤੇ ਗਾਜ਼ੀ ਗਿਨੇ ਜਾਵੋਗੇ ਤੇ ਜੇ

*ਮੁਸਲਮਾਨੀ ਮਤ ਵਿਚ ਹੂਰਾਂ (ਅਪਛਰਾਂ)ਤੇ ਗਿਲਮਾਨ (ਸੁੰਦ੍ਰਲੜਕੇ) ਐਸੇ ਕੰਮ ਕਰਣ ਨਾਲ ਅੱਗੇ ਮਿਲਦੇ ਹਨ.

ਮਾਰ ਲਿਆ ਤਾਂ ਲਾਹੌਰ ਤਕ ਤੁਹਾਡਾ ਹੀ ਰਾਜ ਹੈ.

ਏਹ ਗਲਾਂ ਭਾਵੇਂ ਪੈਦੇਖਾਂ ਨੂੰ ਢਾਰਸ ਦੇਂਦੀਆਂ ਸ਼ਨ ਪਰ ਅਸਲੀ ਸਾਹਸ ਵਿਚੋਂ ਉਡਗਿਆ ਸੀ.

ਏਹ ਦੇਖਕੇ ਮੁਲਾਨਿਆਂ ਨੇ ਵੀ ਡੂੰਘੇ ੨ ਸ਼ਰਾ ਦੇ ਮਸਲੇ ਛੇੜਕੇ ਇਸ ਨੂੰ ਲੜਾਈ ਵਾਸਤੇ ਤਿਆਰ ਕੀਤਾ, ਸੋ ਏਸਨੇ ਜਦ ਆਪਨੀ ਪੇਸ਼ ਨ ਜਾਂਦੀ ਡਿਠੀ ਤਾਂ ਘੋੜੇ ਤੇ ਸੁਵਾਰ ਹੋਯਾ ਪਰਮਨੋ ਮੁਰਦਾ ਤੇ ਨਿਮੋਝੂਣਾਂ, ਉਤੋਂ ਖਾਂ ਬਹਾਦਰ ਹੋਕੇ ਫੌਜ ਦੇ ਅਗੇ ਤੁਰਿਆ, ਜਦ ਆਪਨੇ ਸਾਮਨੇ ਸਰਦਾਰ ਜੀ ਨੂੰ ਸੰਜੋਪਾਈ ਨੀਲੇ ਘੋੜੇ ਤੇ ਸਨੱਧ ਬੱਧ ਸੁਵਾਰ ਠੀਕ ਆਪਨੀ ਮੁਕੱਰਰਾ ਜਗਾ ਤੇ ਥੰਮ ਵਾਗੂੰ ਖੜਾ ਦੇਖਿਆ, ਤਾਂ ਮਨ ਭੈ ਭੀਤ ਹੋ ਗਿਯਾ, ਘੋੜੇ ਦੀ ਲਗਾਮ ਹੱਥੋਂ ਛੁਟ ਗਈ.

ਸਰਦਾਰਜੀਨੇ ਓਸਦੀ ਪਹਿਲੀ ਤੂੰੜ੍ਹਾਕ ਤੇ ਇਸ ਕਾਇਰਤਾ ਨੂੰ ਦੇਖਕੇ ਬੜੇ ਉਚੀ ਜ਼ੋਰ ਨਾਲ ਉਸਨੂੰ ਵਿੰਗਾਰਿਆ ਕਿ ਹੇ ਕਾਇਰ ! ਓਹ ਵਕਤ ਯਾਦ ਹੈ ਕਿ ਤੂੰ ਲਪੌੜ ਮਾਰੇ ਸੀ, ਰਾਜਨੀਤ ਦੇ ਇਸ ਵਾਕ ਨੂੰ ਨ ਬਿਚਾਰਿਆ ਤੇ ਐਵੇਂ ਮੂੰਹ ਪਾੜ ੨ ਕੇ ਆਪਨੇ ਆਤਮਾਂ ਨੂੰ ਕਲੰਕਿਤ ਕੀਤਾ—

"ਜਿਨਜਲਪਨਾਕਰਸੁਜੱਸਨਾਸਹਿ ਨੀਤਿ ਸੁਨਸ਼ਠਕਰਛਿਮਾ"
"ਸੰਸਾਰ ਮੇਂ ਤ੍ਰੈ ਬਿਧ ਪੁਰਖ ਰਸਾਲ*ਪਾਟਲ†ਪਨਸ‡ਸਮਾਂ"

☞ ਸੰਸਾਰ ਵਿਚ ਤਿੰਨ ਤ੍ਰਾਂ ਦੇ ਪੁਰਸ਼ ਹਨ ਇਕ ਕਹਿੰਦੇ ਹੀ ਰਹਿੰਦੇਹਨ ਕਰਦੇ ਨਹੀਂ(‡ਕੇਸੂਫੁਲਵਾਂਗੂ ਫੁਲਹੈਫਲ ਨਹੀਂ) ਦੂਸਰੇ ਕਹਿੰਦੇਹਨ ਤੇ ਕਰ ਭੀ ਦੇਂਦੇ ਹਨ(*ਅੰਬ ਵਾਂਗੂਪੈਹਲੇ ਬੂਰ ਫੇਰ ਫਲ)ਤੀਸਰੇ ਕਹਿੰਦੇਨਹੀਂ ਤੇਕਰਦੇਂਦੇਹਨ (†ਕਟੈ-ਹਰ ਢਾਂਗੂ ਪਹਿਲੇ ਬੂਰ ਨਹੀਂ ਲਗਦਾ ਫਲ ਹੀ ਲਗਦਾ ਹੈ).

"ਇਕਫੂਲਪ੍ਰਧਿਇਕਫੂਲਫਲਇਕਫਲਹਿਕੇਵਲ ਲਾਗਹੀ"
"ਇਕਕਹੈਂਕਹੈ ਇਕਕਰੈਂਕਹੈਂ ਇਕਕਰੈਂਕਹੈ ਨ ਵਾਕਹੀ"

ਪੈਦੇਖਾਂ ਐਸੇ ਟਕੋਰਵੇਂ ਸੱਚੇ ਰਾਜਨੀਤ ਦੇ ਵਾਕ ਸਰ-ਦਾਰ ਜੀ ਤੋਂ ਸੁਣਕੇ ਠਹਿਰ ਤਾਂ ਗਿਆ,ਪਰ ਅੱਗੇ ਵਧਨ ਦਾ ਹੌਸਲਾ ਨ ਪਿਆ, ਸੋ ਸਰਦਾਰ ਜੀ ਨੇ ਆਪਨਾ ਘੋੜਾ ਛੇੜਕੇ ਉਸਦੇ ਪਾਸ ਆਕੇ ਇਕਲਿਆਂਹੀ ਜੁਧ ਕਰਕੇ ਉਸਨੂੰ ਮਾਰਿਆ, ਤੇ ਫੌਜ ਨੇ ਫੌਜ ਦੇ ਪੈਰ ਉਖੇੜ ਦਿੱਤੇ, ਅਤੇ ਪੈਦੇਖਾਂ ਦੇ ਪੁੱਤ੍ਰ ਜਹਾਂਦਾਦਖਾਂ ਨੂੰ ਕੈਦ ਕਰ ਲਿਆ, ਇਸਦੇ ਮਾਰਨ ਨਾਲ ਫਿਰ ਉਸ ਜਗਾ ਦੇ ਗਰੀਬ ਅਨਾਥ ਹਿੰਦੂ ਸੁਖ ਦਾ ਮੂੰਹ ਦੇਖਣ ਲੱਗੇ, ਸਰਦਾਰ ਜੀ ਨੇ ਏਹ ਇਲਾਕਾ ਆਪਣੇ ਮਾਤੈਹਤ ਕਰ ਲਿਆ, ਪੈਦੇ ਖਾਂ ਨੇ ਕੀਤੇ ਦਾ ਗੁਣ ਨ ਜਾਤਾ ਸੱਚ ਹੈ ਗੁਰਵਾਕ ਪਉੜੀ:-

"ਨਿਮੁ ਬਿਰਖ ਬਹੁ ਸੰਚਿਐ ਅੰਮ੍ਰਿਤ ਰਸ ਪਾਇਆ।
ਬਿਸੀਅਰ ਮੰਤ੍ਰਿ ਵਿਸਾਹੀਐ ਬਹੁ ਦੂਧ ਪੀਆਇਆ।
ਮਨਮੁਖ ਅਭਿਨ ਨ ਭਿਜਈ ਪਥਰ ਨਾਵਾਇਆ।
ਬਿਖੁ ਮਹਿ ਅੰਮ੍ਰਿਤ ਸਿੰਚੀਐ ਬਿਖੁ ਕਾ ਫਲ ਪਾਇਆ।
ਨਾਨਕ ਸੰਗਤ ਮੇਲ ਹਰੁ ਸਭ ਬਿਖੁ ਲਹਿ ਜਾਇਆ॥"

ਗੁਰਦੁਆਰੇ ਪੰਜੇ ਸਾਹਿਬ ਜੀ ਦੀ ਸੇਵਾ. (੪੩)

ਹਰੀ ਪੁਰ ਨੂੰ ਆਉਂਦਿਆਂ ੨ ਸਰਦਾਰ ਜੀ ਪੰਜੇ ਸਾਹਿਬ ਵਲ ਭੀ ਗਏ ਜਿੱਥੇਕਿ ਭਾਈ ਮਰਦਾਨਾ ਤ੍ਰਿਖਾਤੁਰ ਹੋਕੇ ਵਲੀ ਕੰਧਾਰੀ ਪੀਰ ਪਾਸ ਪਾਣੀ ਪੀਣ ਵਾਸਤੇ ਗਿਆ ਸੀ, ਸੋ ਜਦ

ਉਸਨੇ ਹੰਕਾਰ ਨਾਲ ਪਾਣੀ ਨ ਦਿੱਤਾ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਆਪਨੀ ਆਤਮਕ ਸ਼ਕਤੀ ਨਾਲ ਓਥੇ ਜਲ ਲੈ ਆਂਦਾ, ਅਤੇ ਵਿਚਾਰੇ ਨਗਰ ਨਿਵਾਸੀਆਂ ਦੇ ਸੁਖ ਲਈ ਜਿਨ੍ਹਾਂ ਨੂੰ ਕਿ ਪਾਣੀ ਸਾਰਖੀ ਅਕਾਲਪੁਰਖ ਦੀ ਦਾਤ ਭੀ ਬੜੀ ਕਸ਼ਟ ਨਾਲ ਮਿਲਦੀ ਸੀ ਚਸ਼ਮਿਆਂ ਦੀ ਨਹਿਰ ਵਗਾ ਦਿਤੀ.

ਏਹ ਬਾਤ ਦੇਖਕੇ ਓਹ ਪੀਰ ਬੜਾ ਕ੍ਰੋਧਿਤ ਹੋਯਾ ਤੇ ਪਹਾੜੀ ਜਿਸਤੇ ਓਹ ਰਹਿੰਦਾ ਸੀ (ਅਰ ਹੁਣ ਭੀ ਉਸਦੀ ਕਬਰ ਬਨੀ ਹੋਈ ਹੈ) ਸਾਰੇ ਨਗਰ ਨੂੰ ਪੀਸ ਕੇ ਮਾਰ ਸੁੱਟਨ ਵਾਸਤੇ ਹੇਠਾਂ ਰੇੜ੍ਹ ਦਿਤੀ, ਏਹ ਦੇਖ ਕੇ ਸਾਰੇ ਨਗਰ ਨਿਵਾਸੀ ਬੜੇ ਭੈ ਭੀਤ ਹੋ ਗਏ, ਅਤੇ ਸਹਾਇਤਾ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਆਏ, ਸੋ ਨਿਮਾਨਿਆਂ ਦੇ ਮਾਨ, ਨਿਆਸਰਿਆਂ ਦੇ ਆਸਰੇ, ਜਗਤ ਗੁਰੂ ਸ੍ਰੀ ਗੁਰੂ ਨਾਨਕ ਜੀ ਨੇ ਉਸ ਪਹਾੜੀ ਨੂੰ ਅਪਨੇ ਸੱਜ ਹੱਥ ਤੇ ਰੋਕਿਆ, ਜਿਸਦਾ ਨਿਸ਼ਾਨ ਅਜੇ ਤਕ ਮੌਜੂਦ ਹੈ, ਪਰ ਪਿਛਲੀ ਸਾਰੀ ਪਹਾੜੀ ਨੂੰ (ਜਿਸਦੀ ਢਲਵਾਨ ਅਜੇ ਤਕ ਦਿਸਦੀ ਹੈ) ਮੁਸਲਮਾਨਾਂ ਨੇ ਚੀਰ ਫਾੜਕੇ ਰਸਤਾ ਬਨਾਯਾ, ਅਤੇ ਉਸ ਪੰਜੇ ਦੇ ਨਿਸ਼ਾਨ ਨੂੰ ਭੀ ਬਹੁਤੇਰਾ ਖੁਰਚ ੨ ਕੇ ਪਹਾੜੀ ਨੂੰ ਤੋੜਿਆ, ਪਰ ਓਹ ਅਜੇਤਕ ਭੀ ਓਥੇ ਉੱਸੇ ਤ੍ਰਾਂ ਨਿਸ਼ਾਨ ਦੇਂਦਾ ਹੈ। ਸੋ ਐਸੇ ਪਵਿਤ੍ਰ ਸਥਾਨ ਨੂੰ ਇਸ ਦਸ਼ਾ ਵਿੱਚ ਦੇਖਕੇ ਸਰਦਾਰ ਜੀ ਨੇ ਉਸ ਮੁਸਲਮਾਨੀ ਇਲਾਕੇ ਵਿਚ ਪਹਿਲੇ ਗੁਰਸਥਾਨ ਦੀ ਸੇਵਾ ਕੀਤੀ, ਤੇ ਸਿੱਖੀ ਧਰਮਦਾ ਪ੍ਰਚਾਰ ਕੀਤਾ ਅਤੇ ਬਹੁਤ ਜਾਗੀਰ ਲਾ ਦਿੱਤੀ ॥ ਪਾਠਕੋ ! ਬੜੀ ਖੁਸ਼ੀ ਦੀ ਬਾਤ ਏਹ ਹੈ ਕਿ ਸਰਦਾਰ ਜੀ ਨੇ ਆਪ ਅਤੇ ਹੋਰ ਸਬ ਵਡਿਆਂ ੨ ਸਰਦਾਰਾਂ ਤੇ ਸਬ ਸਿੱਖਾਂ ਨੇ ਆਪਨੇ ਹੱਥੀਂ ਇਸ ਗੁਰਦੁਆਰੇ ਦੀ ਸੇਵਾ ਕੀਤੀ, ਇੱਟ ਪੱਥਰ ਕੰਕਰ ਆਦਿਕ

ਚੁੱਕ ੨ ਕੇ ਦੂਰ ਸੁਟਿਆ, ਗੁਰਦੁਆਰੇ ਦਾ ਤਲਾ ਇਸ ਕਾਰੀ ਗਰੀ ਨਾਲ ਬਨਾਯਾ ਹੈ ਕਿ ਇਸ ਵਿੱਚ ਗਲ ੨ ਤਕ ਜਲ ਰਹਿੰਦਾ ਹੈ, ਏਧਰੋਂ ਪੰਜੇ ਪਾਸੋਂ ਜਲ ਆਉਂਦਾ ਹੈ ਤੇ ਦੂਸਰੇ ਪਾਸਿਓਂ ਨਿਕਲਦਾ ਜਾਂਦਾਹੈ,ਇਸਤ੍ਰੀਆਂ ਵਾਸਤੇ ਵੱਖਰੀਪਰਦੇ ਦਾਰ ਜਗਾ ਹੈ, ਇਸਦੀ ਤੈਹ ਤੇ ਕੁਝ ਪੱਥਰਾਂ ਦੇ ਚਿਟਾਨ ਵੀ ਹਨ ਜੋ ਇਸ ਪਹਾੜੀ ਦੇ ਡਿੱਗਨ ਦੀ ਗੁਵਾਹੀ ਦੇ ਰਹੇ ਹਨ. ਜਲ ਇਸ ਸੋਮੇ ਦਾ ਐਸਾ ਨਿਰਮਲਹੈ ਕਿ ਦੂਰੋਂ ਸੁਟੀ ਹੋਈ ਨਿਕੀ ਤੋਂ ਨਿਕੀ ਚੀਜ਼ ਦੁਵਾਨੀ ਤਕ ਵੀ ਪਾਣੀਦੀ ਤੈਹ ਤੇ ਪਈ ਦਿਸਦੀ ਹੈ. ਵੱਡੀ ਖੂਬੀ ਏਹ ਹੈ ਕਿ ਗਰਮੀਆਂ ਵਿੱਚ ਠੰਡਾ ਸੀਤਲ ਤੇ ਸਰਦੀਆਂ ਵਿੱਚ ਗਰਮ ਜਲ ਹੁੰਦਾ ਹੈ ਅਤੇ ਪੀਨ ਨੂੰ ਬੜਾ ਮਿੱਠਾ ਸੁਆਦੀ ਤੇ ਹਾਜ਼ਮਾ ਹੈ.

ਏਹ ਜਗਾ ਕੁਦਰਤ ਤੋਂ ਹੀ ਬੜੀ ਰਮਣੀਕ ਸੁਹਾਵਨੀ ਤੇ ਤਬੀਅਤ ਨੂੰ ਖੁਸ਼ ਕਰਨ ਵਾਲੀ ਹੈ। ਓਹ ਪੁਰਸ਼ ਜੋ ਸਿਰਫ ਸੈਰ ਦੀ ਖ਼ਾਤਰ ਹੀ ਗੰਗਾ ਜੀ (ਹਰਦੁਆਰ) ਜਾਂਦੇ ਹਨ, ਤੇ ਅਕਸਰ ਹੈਜ਼ੇ ਆਦਿਕ ਤੋਂ ਡਰਕੇ ਭਜਦੇ ਹਨ, ਸੋ ਓਨਾਂ ਨੂੰ ਇਸ ਪਾਸੇ ਦੀ ਖੁਸ਼ਗਵਾਰ ਹਵਾ ਦਾ ਭੀ ਆਨੰਦ ਦੇਖਨਾ ਜ਼ਰੂਰੀ ਹੈ, ਹਰ ਬਾਤ ਦਾ ਓਥੋਂ ਕੱਲੋਂ ਆਰਾਮ, ਗੁਰਦੁਆਰੇ ਦੇ ਗ੍ਰੰਥੀ ਸਿੰਘ ਨੂੰ ਕਾਫੀ ਜਾਗੀਰ ਹੈ, ਕਈਆਂ ਸੱਜਨਾਂ ਦੇ ਪੁਰਖਾਰਥ ਨਾਲ ਜਾਤ੍ਰੂਆਂ ਦੇ ਅਰਾਮ ਵਾਸਤੇ ਕਮਰੇ ਵੀ ਬਨਾਏਗਏਹਨ.

ਪੰਜਤਾਰ ਦੀ ਪਹਿਲੀ ਲੜਾਈ. (੪੪)

ਏਹ ਜਗਾ ਬੜੀ ਔਖੀ ਹੈ ਤੇ ਇੱਸੇ ਵਾਸਤੇ ਸੈਦ ਅਹਿਮਦ ਨੇ ਇਸਨੂੰ ਆਪਣਾ ਹੈਡ ਕੁਆਰਟਰ ਬਣਾਯਾ ਹੋਯਾ ਸੀ, ਇਸ ਦੇ ਮਰਨ ਦੇ ਪਿੱਛੋਂ, ਭਾਵੇਂ ਹਿੰਦੁਸਤਾਨੀ ਰੁਹੇਲੇ ਵਗੈਰਾ ਓਥੇ

ਨਹੀਂ ਸਨ, ਪਰ ਫੇਰ ਵੀ ਜਦ ਏਧਰ ਦੇ ਲੋਗਾਂ ਨੂੰ ਸ਼ਰਾਰਤ ਕਰਨੀਹੁੰਦੀ ਤਾਂ ਇਸ ਕਰੜੇ ਅਲੰਘ ਥਾਂ ਨੂੰ ਅਪਨੀ ਲੜਾਈ ਦੀ ਥਾਂ (Base) ਬਨਾ ਲੈਂਦੇ, ਏਥੋਂ ਦੀ ਹਰ ਇਕ ਖਬਰ ਬੜੀ ਗੁਝ ਰਖੀ ਜਾਂਦੀ, ਭਾਵੇਂ ਸਰਦਾਰ ਹਰੀਸਿੰਘ ਜੀਦੇ ਸੂੰਹੇਂ ਬੜੇ ਹੁਸ਼ਿਆਰ ਸਨ, ਪਰ ਤਦ ਵੀ ਓਥੋਂ ਦੇ ਹਾਲ ਘਟ ਹੀ ਮਿਲਦੇ ਸਨ ਤੇ ਸਰਦਾਰ ਜੀ ਹਮੇਸ਼ਾਂ ਹੀ ਇਸਦੀ ਤਾੜ ਵਿਚ ਰਹਿੰਦੇ ਸਨ.

੨ਹਾੜ੧੮੮੮ਬਿ:ਨੂੰ ਸਰਦਾਰ ਜੀਨੂੰ ਅਟਕ ਖਬਰ ਮਿਲੀ ਕਿ ਬੀਸ ਹਜ਼ਾਰ ਬਾਗੀ ਮੁਲਕ ਨੂੰ ਲੁੱਟਨ ਵਾਸਤੇ ਪੰਜਤਾਰ ਵਿਚ ਜਮਾ ਹੋ ਗਏ ਹਨ, ਸਰਦਾਰ ਜੀ ਵੀ ਇਸ ਕਰੜੀ ਜਗਾ ਦੇ ਰਸਤਿਆਂ ਤੇ ਦੁੱਖਾਂ ਦੇ ਜਾਣੂ ਸੀ, ਸੋ ਬੜੀ ਸੋਚ ਵਿਚਾਰ ਪਿਛੋਂ ਆਪਣੀ ਫੌਜ ਦੀ ਕਮੀ ਦੀ ਪ੍ਰਵਾਹ ਨ ਕਰਕੇ ਬਹਾਦਰ ਸਰਦਾਰਜੀਨੇ ਹੱਲੇਦੀਹੋਣੀਠਾਨੀ,ਇਸਵਾਸਤੇਕੁਝਚੋਣਵੇਂਹਠੀਲੇ ਜੁਵਾਨ ਲੈਕੇ ਏਧਰ ਨੂੰ ਕੂਚ ਕਰ ਦਿਤਾ, ਗਾਜ਼ੀ ਪੰਜਤਾਰ ਨੂੰ ਰਬ ਦੀ ਓਟ ਜਾਣਦੇ ਸਨ, ਪਰ ਸਰਦਾਰ ਜੀ ਐਸੀਆਂ ਕੁੰਦ੍ਰਾਂ ਵਿੱਚੋਂ ਨਿਕਲ ਕੇ ਉੱਤੇ ਚੜ ਗਏ ਕਿ ਪਠਾਨਾਂ ਨੂੰ ਕੁਝ ਪਤਾ ਹੀ ਨ ਲੱਗਾ, ਅਤੇ ਜਦ ਪਠਾਨਾਂ ਨੇ ਸਿੰਘਾਂ ਨੂੰ ਠੀਕ ਪਹਾੜੀ ਦੇ ਸਿਰ ਤੇ ਦੇਖਿਆ ਤੇ ਸਿਰਤੇ ਗੋਲਿਆਂ ਦੀ ਮਾਰਪੈਂਦੀ ਦੇਖੀ, ਤਾਂ ਏਹਨਾਂ ਸਬਨਾਂਵਿੱਚ ਬੜੀ ਹਲਚਲ ਪੈਗਈ,ਪਰ ਅੰਤਨੂੰ ਪਠਾਨਾਂ ਨੇ ਸਿੰਘ ਥੋੜੇ ਦੇਖਕੇ ਜੰਮਕੇ ਲੜਾਈ ਕੀਤੀ,ਤੋਪ ਤਾਂ ਏਥੇ ਲੰਘ ਨਹੀਂ ਸੀ ਸਕਦੀ,ਪਠਾਨ ਬਥੇਰਾ ਸੰਭਲੇ ਹੜ ਵਾਂਗੂ ਅੱਗ ਦੇ ਮੂੰਹ ਵਿੱਚ ਵਧੇ ਚਲੇ ਆਏ. ਸੋ ਹੁਨ ਖਾਲਸਾ ਜੀ ਤਿਵੱਲੜ ਘੇਰੇ ਵਿੱਚ ਆ ਗਿਆ, ਤੇ ਓਹ ਇਕ ਐਸਾ ਸਖ਼ਤ ਮੌਕਿਆ ਸੀ ਕਿ ਕਲਮ ਨਹੀਂ ਲਿਖ ਸਕਦੀ (ਅਜ ਕਲ ਦੇ

ਦੇਸ਼ ਰਖਯਕ ਮੂੰਹ ਪਾੜ ੨ ਕੇ ਨਿੰਦਾ ਦੇ ਖਿਤਾਬ ਲੈਨ ਵਾਲੇ ਓਨਾਂ ਸਿੰਘਾਂ ਦੀਆਂ ਮੁਸ਼ਕਲਾਂ ਨੂੰ ਯਾਦ ਕਰ ਲੈਣ!) ਪਰ ਓਨਾਂ ਗਿਨਤੀ ਦੇ ਸਿੰਘਾਂ ਨੇ (ਜਿਨਾਂ ਨੂੰ ਗਾਜ਼ੀ ਤੁੱਛ ਜਾਨਦੇ ਸਨ) ਗਾਜ਼ੀਆਂ ਨੂੰ ਕਿਸਾਨ ਦੀ ਵਾਢੀ ਵਾਗੂੰ ਵੱਢਿਆ, ਪਠਾਨ ਬਹੁਤ ਸਨ, ਇਸ ਵਾਢ ਨੂੰ ਸਹਾਰ ਕੇ ਵੀ ਉੱਤੇ ਹੀ ਚੜੀ ਆਂਵਦੇ ਸਨ, ਪਲੋ ਪਲੀ ਵਿੱਚ ਤਲਵਾਰ ਦੀ ਲੜਾਈ ਗੁਥਮ ਗੁਥਾ ਹੋਪਈ, ਜਿਉਂ ੨ ਸੂਰਜ ਛਿਪਦਾ ਤਿਉਂ ੨ ਸੁਰਮੇਂ ਵਧ ੨ ਕੇ ਲੜਦੇ, ਜੋ ਹਨੇਰੇ ਹੋਣ ਤੋਂ ਪਹਿਲੇ ੨ ਫੈਸਲਾ ਹੋਜਾਏ । ਬੜਾ ਘਮਸਾਨ ਮਚਿਆ ਤੇ ਕੋਈ ਪਾਸਾ ਵੀ ਪਿਛੇ ਨ ਹਟਿਆ, ਛੇਕੜ ਏਨਾਂ ਗਿਨਤੀ ਦੇ ਸਿੰਘਾਂ ਦੇ ਹੱਥਾਂ ਵਿੱਚੋਂ ਲਹੂ ਸਿਮ ਆਯਾ ਵੱਢਦੇ ੨ ਨਾੜਾਂ ਆਕੜ ਗਈਆਂ, ਤਲਵਾਰਾਂ ਫਸ ਗਈਆਂ ਤੇ ਹੱਥ ਭਾਰੇ ਹੋਕੇ ਸੁਸਤਾਨ ਲਗੇ, ਇਸ ਗਲ ਨੂੰ ਤਾੜਕੇ ਸਰਦਾਰ ਜੀ ਨੇ ਸਿੰਘਾਂ ਨੂੰ ਪ੍ਰੇਰਿਆ ਤੇ ਉੱਚੀਸੁਰ ਨਾਲ ਸ੍ਰੀ ਦਸਮੇ ਗੁਰੂ ਜੀ ਦਾ ਮੁਖਵਾਕ ਸੁਨਾਯਾ :-

"ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿੱਤ ਮੈਂ
ਜੁੱਧ ਬਿਚਾਰੇ। ਦੇਹਿ ਅਨਿੱਤ ਨ ਨਿੱਤ ਰਹੇ ਜਸ ਨਾਵ
ਚੜੇ ਭਵ ਸਾਗਰ ਤਾਰੈ ॥ ਧੀਰਜ ਧਾਮ ਬਨਾਇ ਇਹੈ
ਤਨ ਬੁਧ ਸੁ ਦੀਪਕ ਜਿਉਂ ਉਜੀਆਰੈ ॥ ਗਿਆਨਹਿ
ਕੀ ਬਢਨੀ ਮਨੋ ਹਾਥਲੈ ਕਾਤਰਤਾਕੁਤ ਵਾਰ ਬੁਹਾਰੈ"

ਤੇ ਆਪ ਤਲਵਾਰ ਉੱਚੀ ਕਰਕੇ ਜਿਸ ਪਾਸੇ ਖਾਲਸਾ ਦਲ ਦੇ ਪੈਰ ਪਿਛੇ ਹਟਦੇ ਸੀ ਜਾ ਧਸੇ, ਮਾਰੋਮਾਰ ਕਰਕੇ ਦੁਸ਼ਮਨਾਂ ਦੀ ਸੈਨਾ ਵਿੱਚ ਵਾਵਰੋਲੇ ਵਾਂਗੂੰ ਫਿਰਗਏ, ਗਾਜ਼ੀਅਗੇਹੀ ਸਰਦਾਰ ਜੀ ਤੋਂ ਹਊਏ ਵਾਗੂੰ ਡਰਦੇ ਸੀ, ਸੋ ਹੁਨ ਏਹ ਪ੍ਰਤੱਖਜ ਸਾਮ੍ਹਣੇ ਦੇਖਕੇ "ਹਰੀਆ ਰਾਗਲੇਦੇ ੨" ਕਿ ਹਰੀਸਿੰਘ ਆ ਗਿਆ ਹੈ,

ਕਹਿੰਦੇ ਹੋਏ ਪਿਛਾਹਾਂ ਨੂੰ ਭਜੇ, ਸਿੰਘਾਂ ਨੇ ਹੁਨ ਐਸਾ ਸਖਤ ਹੱਲਾ ਕੀਤਾ ਤੇ ਕਈਆਂ ਗਾਜ਼ੀਆਂ ਨੂੰ ਵੱਢਿਆ, ਤੇ ਕਈ ਕਾਇਰ ਹੋਕੇ ਭਜ ਗਏ, ਅਤੇ ਸੂਰਜ ਡੁੱਬਨ ਤੋਂ ਪਹਿਲੇ ਹੀ ਸਿੰਘਾਂ ਦੀ ਫਤਹ ਹੋ ਗਈ, ਅਤੇ ਰਹਿਰਾਸ ਦਾ ਪਾਠ ਖਾਲਸਾ ਜੀ ਨੇ ਉੱਥੇ ਹੀ ਪਹੁੰਚ ਕੇ ਕੀਤਾ.

ਹੁਨ ਫੇਰ ਓਹੋ ਰਾਜਨੀਤ ਦੇਸ਼ ਵਿਚ ਅਮਨ ਚੈਨ ਰੱਖਨ ਵਾਸਤੇ ਬਾਗੀਆਂਨੂੰ ਸਜ਼ਾ ਦੇਣ ਲਈ ਵਰਤਨੀ ਪਈ,ਸੋ ਹੁਕਮ ਦਿੱਤਾ ਕਿ ਸਬ ਮੁਰਦੇ ਇਕੱਠੇ ਕਰਕੇ ਚੰਡਿਕਾ ਦੀ ਭੇਟਾ ਕਰ ਦੇਵੋ,ਏਨ੍ਹਾਂ ਦੇ ਸਬ ਸਾਮਾਨ ਨੂੰ ਵੀ ਅੱਗ ਦੇ ਵਿਚ ਹੀ ਸਾੜਿਆ ਗਿਆ,ਇਸ ਤਰਾਂ ਸਾਰੀ ਫੌਜ ਨੇ ਓਹ ਰਾਤ ਜਾਗਦੇ ਹੀ ਕੱਟੀ.

ਇਸ ਹਾਰ ਨੇ ਯੂਸਫ ਜ਼ਈਆਂ ਦੇ ਪ੍ਰਾਣ ਖ਼ੁਸ਼ਕ ਕਰ ਦਿੱਤੇ, ਸੈਂਕੜੇ ਘਰ ਬਿਨਾਂ ਦੀਵੇ ਦੇ ਹੋ ਗਏ, ਹਜ਼ਾਰਾਂ ਮਾਵਾਂ ਪੁਤ੍ਰਾਂ ਦੇ ਵਿਰਲਾਪ ਵਿਚ ਫਾਵੀਆਂ ਹੋਗਈਆਂ,ਸੈਂਕੜੇ ਜੁਵਾਨ ਤੀਵੀਆਂਨੇ ਰੰਡੇਪੇਦੇ ਕਪੜੇ ਪਾਏ,ਤੇ ਅਣਗਿਨਤ ਭੈਣਾਂ ਵੀਰਾਂ ਨੂੰ ਕੂਕਦੀਆਂ ਸੁੱਕਗਈਆਂ,ਬੇਸ਼ੁਮਾਰ ਯਤੀਮਬਾਲ ਲਾਵਾਰਸ ਹੋ ਗਏ, ਕਹਿਣ ਦੀ ਬਾਤ ਨਹੀਂ ਕਿ ਇਸ ਨਿੱਕੇ ਜਿੰਨੇ ਸਿੰਘਾਂਦੇ ਜੱਥੇਨੇ ਗਾਜ਼ੀਆਂਨੂੰਕੀਰ ਕਰਕੇ ਦਸਿਆ ਤੇ ਕਿਤਨੀਕ ਅਫੜਾ ਤਫੜੀ ਪਾਈ ? ਇਸ ਦੁਖ ਨੂੰ ਦੇਖਕੇ ਗਾਜੀਆਂ ਨੇ ਗਾਜੀਪੁਨੇ ਦੇ ਅੱਟੇ ਗਲਾਂ ਤੋਂ ਲਾਹ ਸੁੱਟੇ, ਤੇ ਹੰਕਾਰ ਦਾ ਕੀੜਾ ਤੇ ਜਹਾਦੀ ਜੋਸ਼ਵੀ ਠੰਡੇ ਹਾਉਕੇ ਭਰਕੇ ਮਰਗਿਆ, ਤੇ ਦੇਸ਼ ਵਿੱਚ ਵੀ ਫੇਰ ਕੁਛ ਅਮਨ ਹੋਗਿਆ.

ਕਹਿੰਦੇ ਹਨ ਕਿ ਇਸ ਸੰਗ੍ਰਾਮ ਵਿੱਚ ਦਸ ਹਜ਼ਾਰ ਗਾਜੀਆਂ ਨੂੰ ਸਿੰਘਾਂ ਨੇ ਤਲਵਾਰ ਦਾ ਜਾਮਾ ਪੁਵਾਯਾ, ਅਤੇ ਇਸ ਤੋਂ ਪਹਿਲੇ ਕਦੀ ਕੋਈ ਐਸੀ ਭਿਆਨਕ ਲੜਾਈ ਯੂਸਫਜਈਆਂ

ਵਿੱਚ ਨਹੀਂ ਹੋਈ ਸੀ.

ਇਸ ਪ੍ਰਸਿੱਧ ਕਾਰਨਾਮੇ ਦੀ ਰਪੋਟ ਨਰੈਣਸਿੰਘ ਨਾਮੇ ਸੁਵਾਰ ਨੇ ਮਹਾਰਾਜ ਜੀਨੂੰ ਜਾਕੇ ਦਿੱਤੀ, ਜਿਸਨੂੰ ਸੁਨਕੇ ਸਰਕਾਰ ਬੜੀ ਖੁਸ਼ ਹੋਈ ਤੇ ਇੱਕ ਕੜਿਆਂ ਦੀ ਜੋੜੀ ਉਸਨੂੰ ਬਖਸ਼ੀ.

ਪਿਸ਼ਾਵਰ ਤੇ ਕਬਜ਼ਾ ਕਰਨਾ. (੪੫)

ਸੰ: ੧੮੯੧ ਬਿ: ਵਿੱਚ ਮਹਾਰਾਜ ਨੇ ਬਹੁਤ ਸਾਰੀ ਫੌਜ ਦੇਕੇ ਸਰਦਾਰ ਹਰੀਸਿੰਘ ਜੀ ਨੂੰ ਪਿਸ਼ਾਵਰ ਦਾ ਝਗੜਾ ਮਿਟਾਨ ਵਾਸਤੇ ਬਹੁਤ ਸਾਰਾ ਇਨਾਮ ਤੇ ਸਿਰੋ ਪਾਓ ਦੇ ਕੇ ਤੋਰਿਆ, ਕੌਰ ਨੌ ਨਿਹਾਲ ਸਿੰਘ ਜੀ ਨੂੰ ਵੀ ਨਾਲ ਹੀ ਭੇਜਿਆ। ਇਕ ਕਵੀਸ਼ਰ ਇਸ ਤਰਾਂ ਲਿਖਦਾ ਹੈ:–

ਕਬਿੱਤ–ਕਹੇ ਸਰਕਾਰ ਹਰੀਸਿੰਘ ਸਰਦਾਰ ਜੁੱਧ ਕੀਤੇ ਬੇਸ਼ੁਮਾਰ ਜੀਤ ਲੀਏ ਕੁੱਲ ਗਾਂਮ ਜੀ। ਅਬ ਕਿਸੇ ਔਰ ਸਰਦਾਰ ਕੋ ਚੜ੍ਹਾਇ ਦੇਵੇਂ ਕੁਛ ਦਿਨ ਇਨਕੋ ਕਰਨ ਦੇਵੋਂ ਆਰਾਮ ਜੀ। ਕੋਈ ਸਰਦਾਰ ਨਾ ਪਿਸ਼ੌਰ ਵੱਲ ਨੱਕ ਡਾਹੇ ਆਪ ਹੋਂਣ ਪਿੱਛੇ ਬਿਧਾਂ ਦਸਦੇ ਤਮਾਮ ਜੀ। ਸੀਤਾਰਾਮਾਂ ਅਸਲ ਇਰਾਦਾ ਸੀਗਾ ਸਭਸਦਾ ਏਹ ਮਰੇ ਹਰੀ ਸਿੰਘ ਮੁਕੇ ਰੋਜ਼ਦਾ ਕਮਾਮ ਜੀ। ਮਾਰਕੇ ਭਬੱਕ ਹਰੀਸਿੰਘ ਉਠ ਖੜਾ ਹੁੰਦਾ ਅਬੀ ਸਰਕਾਰ ਮੈਂ ਪਿਸ਼ੌਰ ਉੱਤੇ ਚੜ੍ਹੂੰਗਾ। ਆਪਦੇ ਕਾਰਜ ਵਿੱਚ ਢਿੱਲ ਨਾ ਗੁਜਾਰੂੰ ਜ਼ਰਾ ਦੇਊਂਗਾ ਸ਼ਰੀਰ ਜਾ ਮੈਦਾਂਨ ਵਿੱਚ ਲੜਾਂਗਾ। ਇੱਕ ਵਾਰ ਪਾਰ ਜੇ ਅਟਕ ਦੇ ਮੈਂ ਲੰਘ ਗਿਆ ਫੜਕੇ ਪਠਾਣ ਵਾਂਗੂ ਚਾਵਲਾਂ ਦੇ ਛੜਾਂਗਾ। ਸੀਤਾਰਾਮਾ ਫਿਕਰ ਨਾ ਕਰੋ ਤੁਸੀ ਰਤਾ ਜਿੰਨਾ ਖੈਬਰ ਦੇ ਖਾਂਨ ਦੇਖੋ ਹੁਣੇ ਜਾਏ ਫੜਾਂਗਾ। ਹੋਇਕੇ ਨਿਹਾਲ ਸਰਕਾਰ ਪਿੱਠ ਠੋਕਦੀ ਸੀ ਕੌਣ ਹਰੀਸਿੰਘ ਤੇਰੇ ਸੂਰਮਾ ਸਮਾਨਜੀ। ਏਸ ਤੇਰੇ ਬਲ ਦੀ ਕਹਾਨੀ

ਚਾਰ ਜੁਗ ਵਿੱਚ ਰਹੇਗੀ ਮਸ਼ਹੂਰ ਸ਼ੋਭਾ ਕਰੇਗਾ ਜਹਾਨ ਜੀ। ਇੱਨੇ ਚਿਰ ਝਟਪੱਟ ਕੂਚ ਦਾ ਹੁਕਮ ਹੂਆ ਵੱਜਦੇ ਨਗਾਰੇ ਸੂਰੇ ਖੰਡੇ ਲਸ਼ਕਾਨ ਜੀ। ਸੀਤਾਰਾਮਾਂ ਕੋਈ ਨਾ ਸ਼ੁਮਾਰ ਆਵੇ ਘੋੜਿਆਂ ਦਾ ਚਲ ਪੈਂਦਾ ਦਲ ਤੇ ਅਟਕ ਪਹੁੰਚੇ ਆਨ ਜੀ.

ਅਜੇ ਤਕ ਪਿਸ਼ਾਵਰ ਦੀ ਹਕੂਮਤ ਬਾਰਕਜ਼ਈ ਪਠਾਨਾਂ ਦੇ ਹੱਥ ਸੀ, ਤੇ ਕਾਬਲ ਵਰਗੀ ਤੈਹਿ ਤੋੜ ਰਿਆਸਤ ਇਸਦੀ ਮਾਲਕਸੀ, ਪਰ ਸੰ: ੧੮੭੯ ਤੋਂ ਕੁਛ ੨ ਦਬਾਓ ਲਾਹੌਰ ਦਰਬਾਰ ਦਾ ਵੀ ਸੀ, ਅਤੇ ਹਰ ਸਾਲ ਥੋੜਾ ੨ ਨਜ਼ਰਾਨਾਂ ਵੀ ਆਂਵਦਾ ਸੀ.

ਹੁਨ ਏਨ੍ਹਾਂ ਬਾਰਕਜ਼ਈ ਪਠਾਨਾਂਨੇ ਔਰੰਗਜ਼ੇਬੀ ਜਜ਼ੀਆ (ਓਹ ਮਾਸੂਲ ਜੋ ਮੁਸਲਮਾਨ ਬਾਦਸ਼ਾਹ ਸਿਰਫ਼ ਹਿੰਦੂਆਂ ਤੋਂ ਹੀ ਲੈਂਦੇ ਸੇ) ਇਕ ਰੁਪਯੇ ਦੀ ਥਾਂ ਤ੍ਰਿਨ ਰੁਪਯੇ ਕਰ ਦਿੱਤਾ. ਵਿਚਾਰੇ ਅਨਾਥਹਿੰਦੂਆਂ ਦੀਆਂ ਨੂੰਹਾਂਧੀਆਂ ਬੇਸਤ੍ਰ ਕਰਦੇਸਨ ਅਤੇ ਹੋਰ ਕਈ ੨ ਅਨਹੋਨੇ ਜ਼ੁਲਮ ਕਰਦੇ ਸਨ, ਏਨ੍ਹਾਂ ਦੁਖਾਂ ਨੂੰ ਸੁਨ ੨ ਕੇ ਹੀ ਏਹ ਚੜ੍ਹਾਈ ਕੀਤੀ ਗਈ ਸੀ, ਸਰਦਾਰ ਹਰੀਸਿੰਘ ਜੀ ਨੇ ਜੋ ਹਰੀਪੁਰ ਆ ਗਏ ਹੋਏ ਸੀ ਹੁਨ ਅਕੋੜੇ ਆ ਕੇ ਫ਼ੌਜ ਦਾ ਰੀਵੀਊ ਕਰਕੇ ਕਮਾਨ ਸੰਭਾਲੀ.

ਇਸ ਫੌਜ ਦੀ ਆਉਂਦਨ ਸੁਨ ਕੇ ਬਾਰਕਜ਼ਈ ਨਾਜ਼ਮਾਂ ਵਿਚ ਤੜਥੱਲੀ ਮਚ ਗਈ, ਕਈ ਸੋਚਾਂ ਵਿਚਾਰਾਂ ਕੀਤੀਆਂ ਏਧਰ ਪਿਸ਼ਾਵਰ ਦਾ ਰਾਜ, ਓਧਰ ਸਿੰਘਾਂ ਦੀ ਕੋਹੂ ਤਲਵਾਰ, ਛੇਕੜ ਸਭਨਾਂ ਨੇ ਭਗੌੜੇ ਹੋਣ ਦੀ ਹੀ ਠਾਨੀ, ਆਪਨੇ ਮਾਲ ਅਸਬਾਬ ਤੇ ਟੱਬਰ ਕਬੀਲਿਆਂ ਨੂੰ ਮਿਚਨੀ ਦੇ ਕਿਲੇ ਵਿੱਚ ਜੋ ਪਿਸ਼ਾਵਰ ਤੋਂ ਅੱਠ ਕੋਹ ਦੇ ਕਰੀਬ ਹੈ ਭੇਜ ਦਿੱਤਾ, ਅਤੇ ਆਪ ਖਾਲਸਾ ਦਲ ਦੀ ਉਡੀਕ ਵਿੱਚ ਰਹੇ। ਜਿਵੇਂ ੨ ਸਿੰਘਾਂ

ਦਾ ਦਲ ਨੇੜੇ ਆਂਵਦਾ ਤਿਵੇਂ ੨ ਪਠਾਨ ਘਬਰੌਂਦੇ, ਕਈ ੨ ਦਿਨ ਨੌਕਰਾਂ ਨੂੰ ਘੋੜਿਆਂ ਤੇ ਜ਼ੀਨਾਂ ਕਸੀ ਤਿਆਰਹੀ ਰਹਿੰਣਾ ਪੈਂਦਾ, ਤਾਂ ਕਿ ਸਮਾ ਪਾਕੇ ਫੌਰਨ ਹੀ ਭੱਜ ਜਾਨ, ਤੇ ਮਿਚਨੀ ਦੇ ਕਿਲੇ ਵਿੱਚ ਸਿਰ ਜਾ ਛਿਪਾਉਨ । ਪਠਾਨਾਂ ਨੇ ਆਪਨੇ ਦਿਨ ਨੇੜੇ ਆਏ ਦੇਖਕੇ ਜ਼ੁਲਮ ਤੇ ਤਦੀਆਂ ਹੋਰ ਵੀ ਵਧੀਕ ਕਰ ਦਿੱਤੀਆਂ,ਸਿਆਨੇ ਆਖਦੇ ਹਨ "ਵਿਨਾਸ਼ ਕਾਲੇ ਵਿਪ੍ਰੀਤ ਬੁਧੀ" (ਨਾਸ਼ ਸਮੇ ਬੁੱਧੀ ਉਲਟ ਜਾਂਦੀ ਹੈ) ਨਿਤ ਨਵੇਂ ਸੂਰਜ ਦੁਖ ਵਧਦੇ ਦੇਖਕੇ ਪਿਸ਼ਾਵਰ ਦੇ ਹਿੰਦੂਆਂ ਨੇ ਵੀ ਆਪਨੇ ਦੁਖਾਂ ਦੀ ਕਸ਼ਟਭਰੀ ਵਾਰਤਾ ਲਿਖਕੇ ਇੱਕ ਚੌਧਰੀ ਦੇ ਹੱਥ ਸਰਦਾਰ ਹਰੀਸਿੰਘ ਜੀ ਦੇ ਪਾਸ ਭੇਜ ਦਿੱਤੀ, ਜਿਸ ਵਿੱਚ ਕਈ ਹਾੜੇ ਕੱਢੇ ਤੇ ਰੁਦਨਮਈ ਬੇਨਤੀ ਤੇ ਮਿੰਨਤਾਂ ਕੀਤੀਆਂ, ਕਿ ਜਿਸ ਤਰਾਂ ਹੋਵੇ ਵਾਸਤੇ ਅਕਾਲ ਪੁਰਖ ਦੇ ਸਾਡੀ ਨਿਆਸਿਰਿਆਂਦੀ ਬਾਂਹ ਫੜੋ ! ਤੇ ਏਨਾਂ ਦੁਖਾਂ ਤੋਂ ਬਚਾਓ ! ਅਸੀ ਸਿਰਮਥੇ ਤੇ ਆਪਦੇ ਰਾਜ ਨੂੰ ਮੰਨਾਂਗੇ.

ਐਸੀ ਮਨ ਹਿਲਾ ਦੇਨ ਵਾਲੀ ਪੁਕਾਰ ਸੁਨਕੇ ਸਰਦਾਰ ਹਰੀਸਿੰਘ ਜੀ ਨੇ ਪਿਸ਼ਾਵਰ ਦੇ ਨਾਜ਼ਮ ਸੁਲਤਾਨ ਮੁਹੰਮਦਖਾਂ ਨੂੰ ਪਰਵਾਨਾ ਭੇਜਿਆ, ਕਿ ਕਲ ਕੌਰ ਸਾਹਿਬ ਪਿਸ਼ਾਵਰ ਸ਼ੋਹਰ ਦੇਖਣਾ ਚਾਹੁੰਦੇ ਹਨ, ਆਪ ਆਪਣੇ ਭਰਾਵਾਂ ਮਿਤ੍ਰਾਂ ਸਮੇਤ ਅਲੀ ਮਰਦਾਨਖਾਂ ਦੇ ਬਾਗ ਵਿੱਚ ਚਲੇ ਜਾਓ.

ਇਹ ਪਰਵਾਨਾ ਪੜ੍ਹਕੇ ਓਹ ਤਾਂ ਵਿਚਾਰਾ ਜਾਨ ਬਚਾਕੇ ਮਿਚਨੀ ਦੇ ਕਿਲੇ ਵਿੱਚ ਚਲਾ ਗਿਆ, ਤੇ ਏਧਰ ਖਾਲਸਾ ਜੀ ਛਬਲ ਕੂਚ ਕਰਕੇ ਸੂਰਜ ਦੇ ਨਿਕਲਨ ਨਾਲ ਹੀ ਪਿਸ਼ਾਵਰ ਜਾ ਪਹੁੰਚੇ.

ਹਾਜੀਆਂ ਨੇ ਕੁਝ ਗਠਕੇ ਲੜਾਈ ਕੀਤੀ, ਪਰ ਉਸ ਦੀ

ਕੀ ਹੈਸੀਅਤ ਸੀ ? ਸਿੰਘਾਂ ਨੇ ਮਾਰ ੨ ਕੇ ਭਜਾ ਦਿੱਤਾ ਇਕ ਕਵੀਸ਼ਰ ਇਸ ਤ੍ਰਾਂ ਲਿਖਦਾ ਹੈ॥ ਕਬਿੱਤ ॥ ਓਧਰ ਪਠਾਣਾਂ ਅੱਗੇ ਬੱਧਾ ਹੋਯਾ ਮੋਰਚਾ ਸੀ ਦੇਖਕਰ ਸਿੰਘਾਂ ਨੂੰ ਮਚਾਏ ਦੇਣ ਜੰਗ ਜੀ। ਚਲੀ ਤਲਵਾਰ ਛੁਰਾ ਬਰਛੀ ਕਟਾਰ ਮਚ ਜਾਂਦੀ ਅੰਧਕਾਰ ਪੈਣ ਪੱਤਾਂ ਵਾਗੂੰ ਅੰਗ ਜੋ। ਫੁਟਦੇ ਸੀ ਸੀਸ ਹੇਠ ਘੋੜਿਆਂ ਦੇ ਪੌੜਾਂ ਨਾਲ ਛੁਟਦੀ ਸੀ ਗੋਲੀ ਮਾਰੇ ਸੱਪ ਵਾਗੂੰ ਡੰਗ ਜੀ। ਸੀਤਾਰਾਮਾਂ ਹਰੀਸਿੰਘ ਵੈਰੀ ਜਨੂੰ ਨਸਾਏ ਕਰਲੈਗਿਆ ਪਿਛਾੜੀ ਇਕ ਖੇਲਦਾ ਸੋ ਰੰਗ ਜੀ. ਤੀਨ ਚਾਰ ਕੋਸ ਪੁਰ ਜਾਏ ਕਰ ਫੌਜ ਜਿੰਨੀ ਪਾਏ ਦਿੱਤੀ ਲੰਮੀ ਬਾਤ ਕੁਲ ਨੂੰ ਬਤਾਈ ਸੀ। ਵੱਟ ਲਿਓ ਚੁਪ ਬਾਤ ਚੀਤ ਕੋਈ ਮੱਤ ਕਰ ਸ਼ੋਰ ਕਿਸੇ ਤੌਰ ਦਾ ਹੋਵਨਾ ਨ ਪਾਏ ਸੀ। ਦੇਖਕੇ ਪਠਾਨ ਖੁਸ਼ੀ ਹੋਂਵਦੇ ਬੇਅੰਤ ਕਹਿਨ ਨੱਠ ਗਏ ਸਿੰਘ ਦਬ ਇਕਵੀ ਨ ਖਾਈ ਸੀ। ਸੀਤਾਰਾਮਾਂ ਡੇਰੇ ਅਬ ਕਰੋ ਏਸ ਜਗਾ ਪੁਰ ਦਿਨੇ ਜਾ ਪੰਜਾਬ ਵਿੱਚ ਮਾਰਾਂਗੇ ਲੜਾਈ ਸੀ. ਹੋਇਕੇ ਬੇਚਿੰਤ ਤਬ ਤੁਰਕਾਂ ਦੀ ਫੌਜ ਸੁੱਤੀ ਡਰ ਅਤੇ ਖੌਫ ਸਬ ਕਾਲ ਦਾ ਭੁਲਾ ਦੀਆ। ਭਈ ਅੱਧੀ ਰਾਤ ਹਰੀਸਿੰਘ ਦਲ ਚਾੜ ਕਰ ਤੁਰਕਾਂ ਦੀ ਫੌਜ ਉੱਤੇ ਹੱਲਾ ਸੀ ਮਚਾ ਦੀਆ। ਫੂਕ ਦਿੱਤੇ ਵਿੱਚੇ ਹੈ ਸੰਗੀਨਾਂ ਨਾਲ ਵਿੰਨ੍ਹ ਸੁੱਟੇ ਜਿਤਨਾ ਕਟਕ ਨਾਲ ਮਿਟੀ ਦੇ ਮਿਲਾਦੀਆ। ਸੀਤਾਰਾਮਾਂ ਜ਼ਿੰਦਾ ਕੋਈ ਰਿਹਾ ਨ ਮੈਦਾਨ ਵਿੱਚ ਮਾਰ ੨ ਖਾਲਸੇ ਨੇ ਤਬਕ ਹਿਲਾ ਦੀਆ.

ਇਸ ਤਰਾਂ ਪਿਸ਼ਾਵਰ ਜੈਸਾ ਪ੍ਰਸਿੱਧ ਸਥਾਨ ਕਾਬਲ ਦਾ ਨਾਕਾ ਦੂਸਰੇ ਦਿਨ ਦੇ ਨੌ ਬਜੇ ਤਕ ਸਿੰਘਾਂ ਦੇ ਹੱਥ ਆਗਿਆ। ਰਾਤੀ ਸਾਰੇ ਸ਼ਹਿਰ ਵਿੱਚ ਦੀਪਮਾਲਾ ਹੋਈ ਤੇ ਪ੍ਰਜਾ ਦੇ ਦੁਖ ਦੇ ਦਿਨ ਸੁਖ ਵਿੱਚ ਬਦਲ ਗਏ. ਸਰਦਾਰ ਜੀ ਦੀ ਇਸ ਹੁਸ਼ਿ-

ਆਰੀ ਨਾਲ ਬਿਨਾਕਿਸੇ ਬੜੇ ਕਰੜੇ ਜੰਗ ਦੇ ਪਿਸ਼ਾਵਰ ਸਿੰਘਾਂ ਦੇ ਹੱਥ ਆਗਿਆ, ਪਰ ਕਾਬਲ ਦੇ ਦੁਖ ਤੋਂ ਕਿਨਾਂ ਫਿਰ ਫੌਜਾਂ ਲਾਹੌਰੋਂ ਆਂਵਦੀਆਂ ਹੀ ਰਹੀਆਂ.

ਇਸ ਪਿਛਲੀ ਫੌਜ ਵਿੱਚ ਇਕ ਕੰਪਨੀ ਡੋਗਰੇ ਬ੍ਰਾਹਮਣਾਂ ਦੀ ਵੀ ਆਗਈ ਸੀ,ਸੋ ਪਤਾ ਨਹੀਂ ਕਿ ਕਿਉਂ ਏਹਨਾਂ ਨੇ ਆਪਨੇ ਸਿੰਘਾਂ ਦੇ ਦਲ ਵਿੱਚ ਹੀ ਹਲਚਲ ਪਾਉਣੀ ਚਾਹੀ ? ਕਹਿੰਦੇ ਹਨ ਕਿ ਰਾਜਾਧਿਆਨਸਿੰਘਤੇ (ਮਿਸ਼੍) ਲਾਲਸਿੰਘ, ਜਮਾਦਾਰ (ਮਿਸ਼੍) ਖੁਸ਼ਾਲਸਿੰਘ* ਆਦਿਕ ਜੋ ਲਾਹੌਰੇ ਦਰਬਾਰਦੇ ਮੂੰਹ ਚੜੇ ਅਮੀਰ ਸੇ ਸਰਦਾਰ ਹਰੀਸਿੰਘ ਜੀ ਦੀ ਏਹ ਕਾਮਯਾਬੀ ਦੇਖਕੇ ਬੜੇ ਤਲਮਲਾਏ, ਤੇ ਜਾਨ ਬੁਝਕੇ ਇਕ ਹੋਦੇ ਉੜਾਊਆਂਦੀ ਕੰਪਨੀ ਭੇਜ ਦਿੱਤੀ, ਭਲਾ ਏਹਕੀ ਜਾਣਨ ਜੰਗਦੀ ਸਾਰ ? ਕੋਈ ਹੀਰ ਵਾਰਸਸ਼ਾਹ ਦੀ ਪੜਕੇ ਅਊਂ ੨ ਕਰਕੇ ਕੁਪੀ ਵਿੱਚ ਰੋੜ ਖੜਕ ਕੇ ਕਿਸੇਦੇ ਵਿਆਹ ਕਰਕ ਟਗੇ ਲੁਟਣ ਦਾ ਕੰਮ ਤਾਂ ਏਹ ਸੀ ਨਹੀਂ, ਸਾਮਣੇ ਜਾਨਦੀ ਖੇਲ ਸੀ ਦੂਸਰੇ ਏਨਾਂ ਨੂੰ ਖਾਸ ਕਰਕੇ ਸਿੰਘਾਂ ਦੇ ਦਲ ਵਿੱਚ ਹਲਚਲ ਪਾਉਂਨ ਵਾਸਤੇ ਚੰਗੀ ਤ੍ਰਾਂ ਸਿਖਾਕੇ ਹੀ ਭੇਜਯਾ ਗਯਾਸੀ.

ਸੋਹੁਨ ਏਹ ਕੁਲਦੀਪਕ ਨਿਮਕਹਲਾਲ ਨੌਕਰ ਪਿਸ਼ਾਵਰ ਆ ਤਾਂ ਗਏ, ਪਰ ਹੋਸ਼ ਹਵਾਸ ਗੁੰਮ, ਚੁਪ ਗੁਪ ਪੈਸੇ ਲੁਟਨ ਦੀ ਥਾਂ ਏਨ੍ਹਾਂ ਨੂੰ ਸਾਮਨੇ ਲੜਾਈ ਦੇ ਮੈਦਾਨ ਵਿੱਚ ਨਿਤ੍ਰਨਦਾ ਕੰਮ ਪਿਆ ਸੀ, ਸੋ ਏਨਾਂ ਨੇ ਰੋਜ਼ ਲਾਹੌਰ ਵਾਪਸ ਜਾਨ ਲਈ

---

*ਏਹ ਮੇਰਠ ਦੇ ਇਲਾਕੇ ਦਾ ਇਕ ਗ੍ਰੀਬ ਬ੍ਰਾਹਮਨ ਸੀ, ਮਹਾਰਾਜੇ ਦੀ ਕ੍ਰਿਪਾ ਨਾਲ ਡਿਉੜੀ ਬਰਦਾਰ ਹੋਗਿਆ ਤੇ ਇਸਨੇ ਲਖੂਖਹਾ ਰੁਪਯੇ ਦੀ ਜਾਇਦਾਦ ਬਨਾਈ.

ਅਰਜ਼ਾਂ ਕਰਨੀਆਂ ਸ਼ੁਰੂ ਕੀਤੀਆਂ, ਜਿਨਾਂ ਨੂੰ ਸੁਨਕੇ ਸਰਦਾਰ ਜੀ ਤੰਗ ਆਗਏ ਤੇ ਅਟਕ ਤੇ ਪਹਿਰਾ ਲਾ ਦਿੱਤਾ ਕਿ ਕੋਈ ਸਿਪਾਹੀ ਬਿਨਾ ਛੁਟੀ ਦੇ ਪਾਸ ਦੇ ਨ ਲੰਘਨਾ ਪਾਵੇ.

ਇਸ ਹੁਕਮ ਨਾਲ ਕਈ ਮਿਸ਼ਰ ਡਰੇ, ਪਰ ਅੰਤ ਨੂੰ ਏਨਾਂ ਡੋਗਰਿਆਂ ਮਿਸ਼ਰਾਂ ਦੀਆਂ ਫੋਕੀਆਂ ਚਲਾਕੀਆਂ ਕਰਕੇ ਸਰਦਾਰਜੀਨੇ ਏਨਾਂਨੂੰ ਲਾਹੌਰ ਮੋੜਨਾਹੀ ਮੁਨਾਸਬਸਮਝਿਆ.

ਅਮੀਰ ਦੋਸਤਮੁਹੰਮਦ ਖਾਂ ਦਾ ਮੁਰਾਸਲਾ. (੪੬)

ਪਿਸ਼ਾਵਰ ਦਾ ਇਸ ਤਰਾਂ ਬਿਨਾ ਰੋਕ ਟੋਕ ਸਿੰਘਾਂ ਦੇ ਹੱਥ ਚਲੇ ਜਾਨਾ ਸੁਨਕੇ ਅਮੀਰ ਦੋਸਤਮੁਹੰਮਦ ਖਾਂ ਕਾਬਲੀਏ ਨੂੰ ਬੜੀ ਤਸ਼ਵੀਸ਼ ਹੋਈ, ਤੇ ਸਰਦਾਰ ਹਰੀਸਿੰਘ ਜੀ ਦੇ ਪਾਸ ਇਕ ਮੁਰਾਸਲਾ ਇਸ ਮਤਲਬ ਦਾਭੇਜਿਆ,ਕਿ ਜੇਕਰ ਪਿਸ਼ਾ-ਵਰ ਮੈਨੂੰ ਦੇ ਦੇਵੇ ਤਾਂ ਬੇਸ਼ੁਮਾਰ ਮਾਲ ਘੋੜੇ ਆਦਿਕ ਹੁਨ ਦੇਵਾਂਗਾ,ਤੇ ਸਾਲਾਨਾ ਮਾਮਲਾ ਵੀ ਮਹਾਰਾਜਾਰੰਜੀਤਸਿੰਘਜੀਨੂੰ ਭੇਜਾਂ ਕਰਾਂਗਾ, ਤੇ ਜੇ ਨਹੀਂ ਤਾਂ ਲੜਾਈ ਵਾਸਤੇ ਤਿਆਰ ਹੋਵੇ.

ਸਰਦਾਰ ਜੀ ਭਲਾ ਅਗੇ ਐਸੇ ਕਾਗਜ਼ੀ ਲਲਕਾਰਿਆਂ ਨੂੰ ਕੀ ਜਾਨਦੇਸੀ ? ਐਸਾ ਕਰੜਾ ਮੂੰਹ ਤੋੜ ਜੁਵਾਬ ਦਿੱਤਾ ਕਿ ਜਿਸਨੂੰ ਪੜ੍ਹਕੇ ਅਮੀਰ ਦੋਸਤ ਮੁਹੰਮਦਖਾਂ ਬੜਾ ਤਲਮਲਾਯਾ, ਅਤੇ ਬਹੁਤ ਸਾਰੇ ਗਾਜ਼ੀ ਤੇ ਸਿਪਾਹੀ ਇਕੱਠੇ ਕਰਕੇ ਲੜਾਈ ਕਰਨ ਵਾਸਤੇ ਕਾਬਲ ਤੋਂ ਪਿਸ਼ਾਵਰ ਦਾ ਹੱਲਾ ਬੋਲ ਦਿੱਤਾ, ਰਸਤੇ ਵਿੱਚੋਂ ਹਰ ਪਾਸਿਓਂ ਗਾਜ਼ੀ ਇਸਦੇ ਨਾਲ ਮਿਲਦੇ ਜਾਂਦੇ, ਮੁਲਾਣਿਆਂ ਨੇ ਬਹੁਤ ਜਲਦੀ ਦੇਸ਼ਵਿੱਚ ਜਹਾਦੀ ਜੋਸ਼ ਫੈਲਾ ਦਿੱਤਾ ਤੇ ਅਨਗਿਨਤ ਗਾਜ਼ੀ ਫੌਜ ਤੇ ਤੋਪਖਾਨੇ ਸਮੇਤ

ਅਮੀਰ ਦੋਸਤਮੁਹੰਮਦਖਾਂਨੇ ਦਰਾ ਖੈਬਰ ਤੇ ਡੇਰਾ ਆ ਜਮਾਯਾ, ਏਧਰ ਲਾਹੌਰ ਦਰਬਾਰ ਨੂੰ ਵੀ ਇਸਦੀ ਰਪੋਟ ਪਹੁੰਚ ਚੁਕੀ ਸੀ, ਸੋ ਆਪ ਮਹਾਰਾਜਾ ਰਣਜੀਤਸਿੰਘ ਜੀ ਬਹੁਤ ਸਾਰੀ ਫੌਜ ਲੈਕੇ ਪਿਸ਼ਾਵਰ ਪਹੁੰਚ ਗਏ, ਏਥੇ ਆ ਕੇ ਫਕੀਰ ਅਜ਼ੀਜ਼ਦੀਨ ਤੇ ਸੁਲਤਾਨ ਮੁਹੰਮਦਖਾਂ ਨੂੰ (ਜੋ ਪਹਿਲੇ ਪਿਸ਼ਾਵਰ ਦਾ ਨਾਜ਼ਮ ਸੀ)ਅਮੀਰ ਦੋਸਤ ਮੁਹੰਮਦਖਾਂ ਪਾਸ ਭੇਜਿਆ ਕਿ ਲੜਾਈ ਵਿਚ ਜਾਨਾਂ ਦਾ ਘੈਂ ਨ ਕਰੋ ਲਾਹੌਰ ਦਰਬਾਰ ਬੜਾ ਜ਼ਬਰਦਸਤ ਹੈ.

ਫਕੀਰ ਅਜ਼ੀਜ਼ਦੀਨ ਨੇ ਬੜਾ ਕਿਹਾ, ਪਰ ਮੁਲੰਵਾਣਿਆਂ ਨੇ ਕੁਛ ਪੇਸ਼ ਨ ਜਾਨ ਦਿੱਤੀ, ਤੇ ਕਸਮਾਂ ਖਾ ੨ ਕੇ ਗ਼ਾਜ਼ੀ ਬਣਨ ਵਾਸਤੇ ਗਾਨੇ ਬੰਨ ਲਏ, ਅਰ ਫਕੀਰ ਅਜ਼ੀਜ਼ਦੀਨ ਏਲਚੀ (ਵਕੀਲ) ਨੂੰ ਕੈਦ ਕਰ ਲਿਆ.

ਏਹ ਅਯੋਗ ਕੰਮ ਸੁਨਕੇ ਸਰਕਾਰ ਨੇ ਫੌਰਨ ਹੱਲੇ ਦੀ ਤਿਆਰੀ ਕਰ ਦਿੱਤੀ, ਪਰ ਅਜੇ ਅੱਗੇ ਵਧੇ ਵੀ ਨਹੀਂ ਸਨ ਜੋ ੧ ਜੇਠ ੧੮੯੨ ਬਿਃ ਨੂੰ ਅਮੀਰ ਦੋਸਤ ਮੁਹੰਮਦਖਾਂ ਰਾਤੋ ਰਾਤ ਕਾਬਲ ਨੂੰ ਭਜ ਗਿਆ, ਅਤੇ ਫਕੀਰ ਅਜ਼ੀਜ਼ਦੀਨ ਨੂੰ ਓਥੇਹੀ ਛਡ ਗਿਆ, ਫੌਜ ਨੇ ਪਿੱਛਾ ਵੀ ਕੀਤਾ, ਪਰ ਏਹ ਬਹੁਤ ਦੂਰ ਪਹਾੜਾਂ ਵਿੱਚ ਜਾ ਵੜਿਆ ਸੀ.

ਕਹਿੰਦੇ ਹਨ ਕਿ ਅਮੀਰ ਦੇ ਭੱਜਨ ਤੋਂ ਇਕ ਦਿਨ ਪਹਿਲੇ ਸਰਦਾਰ ਹਰੀਸਿੰਘ ਜੀ ਨੇ ਆਪਨੀ ਫੌਜ ਦੇ ਤਿਨ ਬ੍ਰਿਗੇਡ ਕਰ ਦਿੱਤੇ ਸੀ, ਤੇ ਹੁਕਮ ਦਿੱਤਾ ਕਿ ਘੰਟੇ ੨ ਪਿੱਛੋਂ ਪਹਿਲੇ ਪਿਸ਼ਾਵਰ ਦਾ ਬ੍ਰਿਗੇਡ ਗੱਜ ਕੇ ਫਤਹ ਗਜਾਵੇ, ਉਸ ਦਾ ਉੱਤਰ ਵਿਚਲਾ ਬ੍ਰਿਗੇਡ ਦੇਵੇ, ਤੇ ਫੇਰ ਓਹ ਗਜਕੇ ਫਤਹਗਜਾਵੇ ਜਿਸਦਾ ਉੱਤਰ ਤੀਸਰਾਬ੍ਰਿਗੇਡ ਜੋ ਖੈਬਰ ਤਕ ਪਹੁੰਚ ਚੁਕਾਸੀ ਦੇਵੇ, ਤੇ ਉਸ ਦਿਨ ਏਹ ਖਬਰ ਮਸ਼ਹੂਰ ਕਰ ਦਿੱਤੀ ਗਈ ਕਿ

ਅਜ ਬਹੁਤ ਸਾਰੀ ਫੌਜ ਹੋਰ ਵੀ ਲਾਹੌਰੋਂ ਆਵੇਗੀ, ਸਿੰਘਾਂ ਦੇ ਸੂਹੇ ਅਮੀਰ ਦੇ ਦਲ ਵਿੱਚ ਤੇ ਪਠਾਨ ਸਿੰਘਾਂ ਦੇ ਦਲ ਵਿੱਚ ਭੇਸ ਵਟਾਕੇ ਸੂਹ ਕਢਦੇ ਰਹਿੰਦੇ ਸੀ, ਪਰ ਇਸ ਸਿਆਣਪ ਦੇ ਹੁਕਮ ਦਾ ਪਠਾਨ ਝਟਪਟ ਪਤਾ ਨ ਕੱਢ ਸਕੇ.

ਇਸ ਹੁਕਮ ਅਨੁਸਾਰ ਸਾਰੀ ਰਾਤ ਏਹੋ ਕੁਲਾਹਲ ਹੁੰਦਾ ਰਿਹਾ ਤੇ ਫਤਹ ਦੇ ਜੈਕਾਰੇ ਅਮੀਰ ਦੋਸਤ ਮੁਹੰਮਦ ਖਾਂ ਦੇ ਕੰਨੀਂ ਪਹੁੰਚਦੇ ਰਹੇ.

ਇਸ ਸ਼ੋਰ ਕਕਾਰੇ ਨੂੰ ਸੁਨਕੇ ਅਮੀਰ ਨੇ ਅੱਧੀ ਰਾਤੀ ਹੀ ਇੱਕ ਹੁਸ਼ਿਆਰ ਮੁਖਬਰ ਨੂੰ ਸਦ ਕੇ ਪੁਛਿਆ, ਕਿ ਅਜ ਕੀ ਸਬੱਬ ਹੈ ਜੋ ਸਿੰਘਾਂ ਦੀ ਫੌਜ ਵਿਚੋਂ ਇਸ ਤਰਾਂ ਦੇ ਡਰਾਉਣੇ ਅਵਾਜ਼ੇ ਆ ਰਹੇ ਹਨ.

ਮੁਖਬਰ–ਹਜ਼ੂਰ ਏਹ ਇਕ ਦੂਸਰੇ ਨੂੰ ਸਲਾਮ ਦੁਆ ਕਰਦੇ ਹਨ.

ਅਮੀਰ–ਮੇਰੀ ਸਮਝ ਵਿਚ ਨਹੀਂ ਆਯਾ ਕਿ ਜਦ ਓਹ ਇੱਕ ਦੂਸਰੇ ਦੇ ਪਾਸ ਹੀ ਬੈਠੇ ਹਨ, ਤਾਂ ਸਲਾਮ ਦੁਆ ਦੇ ਐਸੇ ਸ਼ੋਰ ਦਾ ਕੀ ਮਤਲਬ ਹੇ ?

ਮੁਖਬਰ–ਹਜ਼ੂਰ ਕਲ ਜੋ ਸੁਣਿਆ ਸੀ ਕਿ ਬਹੁਤ ਸਾਰੀ ਫੌਜ ਲਾਹੌਰੋਂ ਆਵਨ ਵਾਲੀ ਹੈ ਸੋ ਓਹੋ ਹੀ ਰਾਤ ਭਰ ਆਂਵਦੀ ਰਹੀ ਹੈ.

ਅਮੀਰ–ਹੈਂ ! ਕੀ ਸਾਰੀ ਰਾਤ ਹੀ ਫੌਜ ਆਂਵਦੀ ਰਹੀ ਹੈ?

ਮੁਖਬਰ–ਏਹ ਕੇਹੜੀ ਅਨੋਖੀ ਬਾਤ ਹੈ ! ਸਿੰਘਾਂ ਦੀ ਫੌਜ ਦਾ ਕੁਛ ਅੰਤ ਹੈ ?

ਅਮੀਰ–ਹੈਰਾਨ ਹੋ ਕੇ ! ਹੈਂ ਕੀ ਏਹ ਠੀਕ ਸੱਚ ਹੈ ?

ਮੁਖਬਰ–ਹਜ਼ੂਰ ਝੂਠ ਯਾ ਬਨਾਵਟ ਦਾ ਇਸ ਨਾਲ ਕੀ

ਵਾਸਤਾ ?

ਇਸ ਖ਼ਬਰ ਦੀ ਐਸੇ ਇਤਬਾਰੀ ਮੁਖਬਰ ਤੋਂ ਤਸਦੀਕ ਸੁਣਕੇ ਅਮੀਰ ਦੋਸਤ ਮੁਹੰਮਦ ਖਾਂ ਹੱਕਾ ਬੱਕਾ ਹੋ ਗਿਆ, ਹੋਸ਼ ਉੱਡ ਗਏ, ਅਤੇ ਬੜੀ ਹਫੜਾ ਤਫੜੀ ਵਿੱਚ ਉੱਸੇ ਰਾਤੀ ਹੀ ਪਹਾੜਾਂ ਵਲ ਭਜ ਗਿਆ.

ਅਮੀਰ ਦੋਸਤ ਮੁਹੰਮਦ ਖਾਂ ਦੇ ਇਸ ਤਰਾਂ ਨਿਕਲ ਜਾਣ ਕਰਕੇ ਪਿਸ਼ਾਵਰ ਵਿਚ ਅਮਨ ਹੋ ਗਿਆ, ਕੌਰ ਸ਼ੇਰ ਸਿੰਘ ਜੀ ਗਵਰਨਰ ਤੇ ਰਾਜਾ ਗੁਲਾਬਸਿੰਘ ਨਾਇਬ ਮੁਕੱਰ ਕੀਤੇ ਗਏ ਅਤੇ ਸਰਦਾਰ ਹਰੀ ਸਿੰਘ ਜੀ ਨੇ ਸਫ਼ਾਰਸ਼ ਕਰਕੇ ਸੁਲਤਾਨ ਮੁਹੰਮਦ ਖਾਂ ਨੂੰ ਕੁਹਾਟ ਤੇ ਹਸ਼ਤ ਨਗਰ ਦਾ ਇਲਾਕਾ ਇੱਕ ਲੱਖ ਰੁਪਏ ਦੀ ਜਾਗੀਰ ਦੇ ਬਦਲੇ ਦਿਵਾ ਦਿਤਾ.

੧੨ ਜੇਠ ੧੮੯੨ ਬਿः ਨੂੰ ਸਰਕਾਰ ਨੇ ਲਾਹੌਰ ਮੁੜਨ ਦੀ ਤਿਆਰੀ ਕੀਤੀ, ਸਰਦਾਰ ਜੀ ਵੀ ਨਾਲ ਹੀ ਸਨ. ੨੯ ਜੇਠ ਨੂੰ ਗੁਜਰਾਂਵਾਲੇ ਆਏ, ਏਥੇ ਸਰਦਾਰ ਜੀ ਨੇ ਸਬ ਫੌਜ ਨੂੰ ਇਕ ਬੜੀ ਜ਼ਿਆਫਤ ਦਿਤੀ, ਤੇ ਇਕ ਵਡਮੁੱਲਾ ਅਰਬੀ ਘੋੜਾ ਸੁਨੈਹਰੀ ਸਾਜ਼ ਸਮੇਤ ਮਹਾਰਾਜ ਜੀ ਦੀ ਨਜ਼ਰ ਕੀਤਾ ਤੇ ਹੋਰਨਾਂ ਸਰਦਾਰਾਂ ਦੀ ਵੀ ਚੰਗੀ ਆਗਤ ਭਾਗਤ ਕੀਤੀ.

ਅਹਿਮਦ ਅਲੀ ਖਾਂ ਤੇ ਫਤੇ ਅਲੀ ਖਾਂ ਦਾ ਫ਼ਸਾਦ. (੪੭)

ਏਧਰ ਹਜ਼ਾਰੇ ਦੇ ਇਲਾਕੇ ਵਿਚ ਅਹਿਮਦ ਅਲੀ ਖਾਂ ਤੇ ਫ਼ਤਹ ਅਲੀ ਖਾਂ ਕੋਰੜਾਲਾਂ ਨੇ ਬਹੁਤ ਸਾਰੇ ਬਾਗ਼ੀ ਇਕੱਠੇ ਕਰਕੇ ਬਾੜੇ ਦੇ ਕਿਲੇ ਨੂੰ ਘੇਰਾ ਪਾ ਦਿੱਤਾ, ਪਰ ਸਰਦਾਰ ਮਹਾਂ ਸਿੰਘ ਨੇ ਏਨ੍ਹਾਂ ਦੀ ਖ਼ੂਬ ਗਤ ਸਵਾਰੀ ਤੇ ਏਨ੍ਹਾਂ ਦੀ

ਜਾਗੀਰ ਜੋ ਲਾਹੌਰ ਦਰਬਾਰ ਵੱਲੋਂ ਮਿਲੀ ਹੋਈ ਸੀ ਇਸ ਬਗਾਵਤ ਦੇ ਬਦਲੇ ਖੋਹ ਲਈ.

ਇਸ ਬਿਪਤਾ ਦੇ ਦੁਖ ਦੀ ਫਰਿਆਦ ਏਨ੍ਹਾਂ ਕੇਰੜਾਲਾਂ ਨੇ ਮਹਾਰਾਜ ਪਾਸ ਕੀਤੀ, ਪਰ ਸਰਦਾਰ ਹਰੀਸਿੰਘਜੀਨੇ ਤਹਕੀ-ਕਾਤ ਕਰਕੇ ਏਨ੍ਹਾਂ ਨੂੰ ਹੀ ਕਸੂਰੀ ਪਾਯਾ ਤੇ ਜਾਗੀਰ ਜ਼ਬਤਰਖੀ.

ਅਕਾਲੀਆਂ ਦੀ ਸੁਲਹ. (੪੮)

੧੮੮੨ ਵਿੱਚ ਜਦ ਅਕਾਲੀਆਂ ਨੇ ਦੇਸ਼ ਵਿੱਚ ਫਤੂਰ ਮਚਾਯਾ, ਤਾਂ ਮਹਾਰਾਜ ਪਾਸ ਬੜੀਆਂ ਰਪੋਟਾਂ ਆਈਆਂ, ਜੋ ਏਨ੍ਹਾਂ ਨੇ ਦੁਆਬੇ ਵਿੱਚ ਬੜੀ ਤੜਥਲੀ ਮਚਾਈ ਹੈ ਸੋ ਇਸਤੋਂ ਡਰਕੇ ਕਿ ਕਿਧਰੇ ਸਤਲੁਜ ਪਾਰ ਹੋਕੇ ਅੰਗ੍ਰੇਜ਼ੀ ਰਾਜ ਵਿੱਚ ਨ ਖਰਾਬੀ ਕਰਨ, ਮਹਾਰਾਜ ਨੇ ਸਰਦਾਰ ਹਰੀਸਿੰਘ ਜੀ ਨੂੰ ਇਸ ਔਖੇ ਕੰਮ ਤੇ ਲਾਯਾ.

ਫੌਜ ਧਰਮ ਵਿਸ਼ਵਾਸ ਕਰਕੇ ਅਕਾਲੀਆਂ ਦੇ ਸਾਹਮਣੇ ਚੰਗੀਤਰਾਂ ਨਾ ਹੁੰਦੀ, ਤੇ ਏਹ ਮੱਛਰਦੇ ਜਾਂਦੇ ਸੀ, ਸੋ ੨ ਮਘਰ ੧੮੮੨ ਬਿਃ ਨੂੰ ਸਰਦਾਰ ਜੀ ਨੇ ਸਾਰੇ ਅਕਾਲੀਆਂ ਨੂੰ ਸਦਕੇ ਪ੍ਰੀਤੀਭਾਵ ਨਾਲ ਸਮਝਾਯਾ, ਤੇ ਦੇਸ਼ ਵਿੱਚ ਅਮਨ ਚੈਨ ਰਖਨ ਵਾਸਤੇ ਪ੍ਰਣ ਕਰਾ ਲਿਆ, ਅਤੇ ਬਿਨਾ ਲੜਾਈ ਦੇ ਅਪਣੀ ਸਮਝ ਤੇ ਫੁਰਤੀ ਨਾਲ ਇਸ ਔਖੇ ਕੰਮ ਨੂੰ ਨਿਬਾਹਿਆ.

ਇਸਤੋਂ ਪਿਛੋਂ ਕੁਛ ਦਿਨ ਘਰ ਰਹਿਕੇ ਸਰਦਾਰ ਜੀ ਫੇਰ ਆਪਣੇ ਇਲਾਕੇ ਹਰੀਪੁਰ ਵਿੱਚ ਆ ਗਏ, ਤੇ ਦੇਸ਼ ਦਾ ਦੌਰਾ ਕਰਕੇ, ਆਕੀ ਬਾਗੀ ਸੋਧੇ ਤੇ ਮਾਮਲਾ ਵਸੂਲ ਕੀਤਾ.

ਏਧਰ ਕੌਰ ਨੌ ਨਿਹਾਲ ਸਿੰਘ ਜੀ ਦੇ ਮੁਰਾਸਲਿਆਂ ਤੋਂ ਮਾਲੂਮ ਹੋਯਾ ਕਿ ਪੰਜਤਾਰ ਦੇ ਇਲਾਕੇ ਵਿੱਚ ਯੂਸਫ਼ਜ਼ਈ

ਪਠਾਨ ਬਹੁਤ ਸਾਰੇ ਬਾਗੀ ਇਕੱਠੇ ਕਰਕੇ ਲੜਨਨੂੰ ਤਯਾਰਹਨ.

ਏਹ ਸੁਨਕੇ ਸਰਕਾਰ ਨੇ ਕੁਛ ਗੁਰਮਤਾ ਕਰਨ ਵਾਸਤੇ ਆਪਨੇ ਸਰਹਦੀ ਕਮਾਂਡਰ ਇਨ ਚੀਫ਼ ਸਰਦਾਰ ਹਰੀਸਿੰਘ ਜੀ ਨੂੰ ਹਰੀਪੁਰ ਤੋਂ ਲਾਹੌਰ ਬੁਲਾਯਾ.

੨ ਭਾਦ੍ਰੋਂ ੧੮੯੩ਨੂੰ ਸਰਦਾਰ ਜੀਨੇ ਬਹੁਤ ਸਾਰੇ ਤੁਹਫੇ ਤੇ ਇੱਕ ਘੋੜਾ ਸੁਨੈਹਰੀ ਸਾਮਾਨ ਸਮੇਤ ਮਹਾਰਾਜ ਜੀਦੀ ਨਜ਼ਰ ਕੀਤਾ, ਮਹਾਰਾਜ ਨੇ ਵੀ ਬਹੁਤ ਆਦਰ ਸਨਮਾਨ ਨਾਲ ਸਾਰੇ ਦਰਬਾਰ ਵਿੱਚ ਏਨ੍ਹਾਂ ਦੇ ਕਾਰਨਾਮਿਆਂ ਦੀ ਤਾਰੀਫ਼ ਕੀਤੀ, ਅਤੇ ੧੧ ਕੱਤਕ ਨੂੰ ਸਾਰੀ ਸਰਹਦੀ ਫੌਜ ਦਾ ਰੀਵੀਊ ਕੀਤਾ, ਜਿਸਨੂੰ ਵੇਖਕੇ ਆਪ ਬੜੇ ਪ੍ਰਸੰਨ ਹੋਏ, ਅਤੇ ਉਸੇ ਦਿਨ ਸਰਦਾਰ ਹਰੀਸਿੰਘ ਜੀ ਨੂੰ ਪਿਸ਼ਾਵਰ ਦਾ ਗਵਰਨਰ ਮੁਕੱਰ ਕਰਕੇ ਓਧਰ ਭੇਜ ਦਿੱਤਾ.

ਪੰਜਤਾਰ ਦੀ ਦੂਸਰੀ ਲੜਾਈ. (੪੯)

ਸਰਦਾਰ ਜੀ ਨੇ ਰਸਤੇ ਵਿੱਚ ਆਂਵਦੇ ਹੀ ਕੌਰ ਨੌ ਨਿਹਾਲਸਿੰਘ ਜੀ ਦੇ ਨਾਲ ਇੱਕ ਦਿਨ ਮੁਕ੍ਰਰ ਕਰ ਲਿਆ, ਓਧਰੋਂ ਕੌਰ ਜੀ ਦੀ ਸੈਨਾਂ, ਤੇ ਏਧਰੋਂ ਸਰਦਾਰ ਜੀ ਦਾ ਦਲ ਇਕੋ ਦਿਨ ਪੰਜਤਾਰ ਦੇ ਫਸਾਦੀਆਂਦੇ ਸਿਰ ਤੇ ਜਾਪਹੁੰਚੇ, ਅਤੇ ਮਾਰ ਰ ਕੇ ਐਸੇ ਸਿੱਧੇ ਕੀਤੇ ਕਿ ਤੋਬਾ ਤੋਬਾ ਕਰਦੇ, ਤੇਹਥਿਆਰ ਸੁਟਦੇ ਤੇ ਕਸਮਾਂ ਖਾਂਦੇ ਅਤੇ ਈਨਾਮੰਨਦੇ ਜਾਂਦੇ ਸਨ, ਗਾਜ਼ੀਆਂ ਨੂੰ ਇਸ ਬੇਈਮਾਨੀ ਦਾ ਫਲ ਚਖਾਉਣ ਵਾਸਤੇ ਓਨ੍ਹਾਂ ਦੇ ਪਿੰਡਾਂ ਨੂੰ ਸਾੜ ਫੂਕਕੇ ਤਬਾਹ ਕਰ ਦਿੱਤਾ ਗਿਆ, ਤਾਕਿ ਫਿਰ ਐਸੀ ਬੇਅਮਲੀਕਰਨ ਦਾ ਕਿਸੇ ਨੂੰ ਹੌਸਲਾ ਨ ਪਵੇ, ਇਕ ਕਵੀਸ਼ਰ ਇਸ ਤਰਾਂ ਲਿਖਦਾ ਹੈ:-

ਕਬਿੱਤ–ਸਾਰੇ ਇਲਾਕੇ ਵਿਚ ਕੱਢਿਆ ਕਨੂੰਨ ਏਹੋ ਕਰੇ ਜੋ ਲੜਾਈ ਫੂਕ ਦਿੰਦੇ ਨਹੀਂ ਅੱਕਦੇ । ਅੱਗ ਪਾਸੋਂ ਡਰਦੇ ਪਠਾਂਨ ਜਾਨ ਬੀਸ ਕੋਸ ਹਾਥ ਜੋੜ ਕੱਢਦੇ ਲਕੀਰਾਂ ਨਾਲ ਨੱਕ ਦੇ। ਲੜਾਂਗੇ ਨ ਮੁੜਕੇ ਦੁਹਾਈ ਅੱਲਾ ਪਾਕ ਦੀ ਹੈ ਖਾਂਵਦੇ ਸੁਗੰਧਾਂ ਤੇ ਕੁਰਾਨ ਪਏ ਚੱਕਦੇ । ਸੀਤਾ ਰਾਮਾਂ ਮੱਚ ਗਈ ਦੁਹਾਈ ਹਰੀ ਸਿੰਘ ਵਾਲੀ ਮਾਰ ਮਾਰ ਮੁਸਲੇ ਉਡਾਏ ਵਾਂਗ ਫੱਕ ਦੇ.

ਏਥੋਂ ਫ਼ਾਰਗ ਹੋ ਕੇ ਦੋਵੇਂ ਖਾਲਸਈ ਦਲ ਪਿਸ਼ਾਵਰ ਆ ਗਏ, ਅਤੇ ਸਰਕਾਰ ਦੀ ਆਗਜ਼ਾ ਅਨੁਸਾਰ ਕੌਰ ਨੌ ਨਿਹਾਲ ਸਿੰਘ ਜੀ ਗਵਰਨਰੀ ਦਾ ਚਾਰਜ ਸਰਦਾਰ ਹਰੀ ਸਿੰਘ ਜੀ ਨੂੰ ਦੇਕੇ ਲਾਹੌਰ ਚਲੇ ਆਏ.

ਪਿਸ਼ਾਵਰ ਦੀ ਗਵਰਨਰੀ. (੫੦)

ਸਰਦਾਰ ਜੀ ਨੇ ਪਿਸ਼ਾਵਰ ਦੇ ਗਵਰਨਰ ਹੁੰਦਿਆਂ ਹੀ ਖੈਬਰ ਦੇ ਦੱਰੇ ਨੂੰ ਰੋਕ ਪਾਉਣ ਦਾ ਪੱਕਾ ਯਤਨ ਕੀਤਾ, ਖੈਬਰੀਏ ਪਠਾਨ ਵੀ ਕੁਛ ਘੱਟ ਨਹੀ ਸੇ, ਜਦ ਦਾ ਲਗਦਾ ਪਿਸ਼ਾਵਰ ਆ ਕੇ ਲੁੱਟ ਮਾਰ ਕਰ ਜਾਂਦੇ, ਇਸ ਤਕਲੀਫ ਨੂੰ ਹਟਾਣ ਵਾਸਤੇ ਸਰਦਾਰ ਜੀ ਨੇ ਖੈਬਰ ਦੇ ਰਸਤੇ ਵਿਚ ਜਮ ਰੋਦ ਦੀ ਘਾਟੀ ਤੇ ਇਕ ਕਿਲ੍ਹਾ ਬਣਾਨ ਦੀ ਤਜਵੀਜ਼ ਸੋਚੀ.

ਪਠਾਨਾਂ ਤੋਂ ਕੌਡੀ ਟੋਕਰੀ ਮਜੂਰੀ ਤੇ ਕਿਲਾ ਜਮਰੋਦ ਅਤੇ ਬੁਰਜ ਸਰਦਾਰ ਹਰੀ ਸਿੰਘ ਦਾ ਬਨਵਾਉਣਾ. (੫੧)

ਇਸ ਕਿਲੇ ਦੀ ਨੀਹ ਸਰਦਾਰ ਜੀ ਨੇ ੬ ਪੋਹ ੧੯੯੩

ਬਿ: ਨੂੰ ਅਪਨੇ ਹੱਥੀਂ ਰੱਖੀ, ਬੜੀ ਖੂਬੀ ਦੀ ਬਾਤ ਏਹ ਹੈ ਕਿ ਆਤਰ, ਗਰੀਬ ਅਨਾਥ ਹਿੰਦੁਸਤਾਨ ਦੀ ਪਰਜਾ ਦੇ ਲੁੱਟ ਮਾਰ ਤੋਂ ਰੋਕਣ ਤੇ ਪਠਾਣਾਂ ਨੂੰ ਸਬਕ ਦੇਣ ਵਾਸਤੇ ਸਰਦਾਰ ਜੀਨੇ ਆਪਣੀਆਂ ਪਿਕਟਾਂਨੂੰ ਹੁਕਮ ਦੇ ਰਖਿਆ ਸੀ ਕਿ ਏਥੋਂ ਲੰਘਨ ਵਾਲੇ ਹਰਇਕ ਪਗ ਬੰਨ ਪਠਾਨ ਤੋਂ ਇਕ ੨ ਦਿਨ ਦੀ ਕਾਰ ਰਾਜ ਕਰ (ਬਾਦਸ਼ਾਹੀ ਮਸੂਲ) ਵਿਚ ਲਈ ਜਾਵੇ, ਤੇ ਕੌਡੀ ਟੋਕਰੀ ਦੇ ਹਿਸਾਬ ਨਾਲ ਮਜੂਰੀ ਦਿਤੀ ਜਾਵੇ, ਇਸ ਹੁਕਮ ਨਾਲ ਐਸੇ ਸਰਕਸ਼ ਮਛੰਦ੍ਰ ਪਠਾਣਾਂ ਦੇ ਹਥੋਂ ਹੀ ਇਸ ਕਿਲੇ ਨੂੰ ਬਣਵਾਯਾ, ਤੇ ਉਨ੍ਹਾਂ ਲੁਟੇਰਿਆਂ ਪਠਾਨਾਂ ਨੂੰ ਜੋ ਹਿੰਦੂਆਂ ਦਾ ਮਾਲ ਅਸਬਾਬ, ਨੂੰਹਾਂ, ਧੀਆਂ, ਬੱਚੇ ਆਦਿਕ ਭੇਡ ਬਕਰੀ ਵਾਂਗੂ ਫੜ ਲਿਜਾਂਦੇ ਸੀ ਸਿੱਖਯਾ ਦਿੱਤੀ, ਪਿਸ਼ਾਵਰ ਤੇ ਜਮਰੋਦ ਦੇ ਵਿਚਕਾਰ ਇਕ ਬੁਰਜ ਵੀ ਬਣਿਆ ਹੋਇਆ ਹੈ, ਓਹ ਵੀ ਇਸੇ ਤਰਾਂ ਹੀ ਪਠਾਨਾਂ ਦੇ ਸਿਰਾਂ ਤੇ ਹੀ ਮਿਟੀ ਢੁਆ ੨ ਕੇ ਬਣਵਾਯਾ ਸੀ, ਅਤੇ ਇਸ ਬੁਰਜ ਦਾ ਨਾਮ ਬੁਰਜ ਸਰਦਾਰ ਹਰੀ ਸਿੰਘ ਰਖਿਆ.

ਪਿਛਲੀ ਤੇ ਉਸ ਸਮੇਂ ਦੀ ਹਾਲਤ ਦਾ ਮੁਕਾਬਲਾ! ਤੇ ਹਿੰਦੂਆਂ ਦੀ ਕ੍ਰਿਤਘਨਤਾ.(੫੨)

ਬਹੁਤ ਪਾਠਕ ਦੱਰੇ ਖੈਬਰ ਦੀ ਘਾਟੀ ਦਾ ਨਾਮ ਜਾਣਦੇਹੀ ਹੋਣਗੇ, ਏਹ ਓਹ ਔਖੀ ਜਗਾ ਹੈ ਕਿ ਜਿਥੋਂ ਲੰਘਕੇ ਮਹਮੂਦ ਗਜ਼ਨਵੀ ਨੇ ਸਤਾਰਾਂ ਹਮਲੇ ਹਿੰਦੁਸਤਾਨ ਤੇ ਕੀਤੇ! ਸੋਮਨਾਥ ਦਾ ਮੰਦਰ ਤੋੜਿਆ, ਅਤੇ ਬੇ ਸ਼ੁਮਾਰ ਧਨ ਦੌਲਤ ਲੁੱਟ ਮਾਰ ਕੇ ਲੈ ਗਿਆ, ਅਤੇ ਇਤਨੇ ਬੇ ਹਿਸਾਬ ਹਿੰਦੂ ਮਰਦ ਤੀਵੀਆਂ ਕੈਦੀ ਫੜਕੇ ਲੈ ਗਿਆ, ਕਿ ਗਜ਼ਨੀ ਵਿਚ ਦੋ ਦੋ ਰੁਪਏ ਤੋਂ

ਭਾਰਥ ਦੀ ਸੰਤਾਨ ਬਿਕੀ ਸੀ, (ਬਕਰੀਆਂ ਦਾ ਮੁਲ ਵੀ ਤਦੋਂ ਇਨ੍ਹਾਂ ਤੋਂ ਵਧੀਕ ਪੈਂਦਾ ਸੀ) ਤੇ ਪਠਾਣਾਂ ਦੀ ਖਿਦਮਤਗਾਰੀ ਕੀਤੀ ! ਏਸੇ ਰਸਤੇ ਤੈਮੂਰ, ਨਾਦਰ ਸ਼ਾਹ ਆਦਿਕ ਲੁਟੇਰਿਆਂ ਨੇ ਲੰਘਕੇ ਸਤ ਸੌ ਬਰਸ ਤਕ ਭਾਰਥ ਭੂਮੀ ਦੀ ਨਿਮਾਣੀ ਗਊ ਨੂੰ ਚੁਘਿਆ ! ਏਹ ਓਹੋ ਰਸਤਾ ਹੈ ਕਿ ਜਿਸਦੇ ਅੱਗੇ ਜੈਪਾਲ, ਪ੍ਰਿਥੀ ਚੰਦ ਵਰਗੇ ਰਾਜਪੂਤ ਰਾਜੇ (ਜਿਨ੍ਹਾਂ ਨੂੰ ਅਜ ਕਲ ਦੇ ਕਲਮ ਘਸੀਟੂ ਸਿਰ ਫਰੋਸ਼ ਲਿਖਦੇ ਹਨ) ਤੇ ਪ੍ਰਸਿੱਧ ਤੀਰੰਦਾਜ਼ ਨ ਅਟਕ ਸਕੇ, ਤੇ ਏਨ੍ਹਾਂ ਅੰਨ ਦੇਸ ਵਾਸੀਆਂ ਤੇ ਅੰਨਮਤੀਆਂ ਲੁਟੇਰਿਆਂ ਦੀਆਂ ਈਂਨਾਂ ਮੰਨੀਆਂ, ਸ਼ਾਇਦ ਓਹ ਆਪਨੇ ਪੁਰਾਨੇ ਧਾਰਮਿਕ ਪੁਸਤਕਾਂ ਨੂੰ ਨ ਜਾਨਦੇ ਹੋਨਗੇ ਕਿਉਂਕਿ ਪੰਡਿਤ ਦਯਾਨੰਦ ਜੀ ਨੇ "ਆਰਯ ਅਭਬਿਨਯ ਵਿੱਚ ਲਿਖਿਆ ਹੈ, ਕਿ ਅੰਨ ਦੇਸ਼ ਵਾਸੀ ਰਾਜਾ ਹਮਾਰੇ ਦੇਸ਼ਮੇਂ ਕਬੀ ਨ ਹੋ, ਤਥਾ ਹਮ ਲੋਗ ਪ੍ਰਾਧੀਨ ਨ ਹੋਂ" ਪਰ ਕੈਸੇ ਸ਼ੁਕਰ ਤੇ ਫਖਰ ਦਾ ਮੁਕਾਮ ਹੈ, ਕਿ ਸ੍ਰੀਗੁਰੂ ਗੋਬਿੰਦਸਿੰਘਜੀ ਦੇ ਇੱਕ ਸਿੰਘ ਨੇ ਅੰਮ੍ਰਤ ਦੇ ਸਚੇ ਬਲ ਨਾਲ ਓਨ੍ਹਾਂ ਬਾਜ਼ਾਂ ਨੂੰ ਜੋ ਹਿੰਦੂਆਂ ਨੂੰ ਚਿੜੀਆਂ ਜਾਨਦੇ ਸਨ, ਮਾਰ ੨ ਕੇ ਜ਼ੇਰ ਕੀਤਾ, ਤੇ ਐਸੇ ਔਖੇ ਰਸਤੇ ਵਿੱਚ ਓਨ੍ਹਾਂ ਪਠਾਨਾ ਦੇ ਸਿਰਾਂ ਤੇਹੀ ਟੋਕਰੀਆਂ ਢੁਵਾ੨ ਕੇ ਕੌਡੀ ਫੇਰਾ ਦੇਕੇ ਏਹ ਕਿਲਾ ਤੇ ਬੁਰਜ ਬਨਵਾਯਾ, ਅਤੇ ਹਮੇਸ਼ਾ ਵਾਸਤੇ ਕਾਬਲ ਦਾ ਰਸਤਾ ਰੋਕਿਆ, ਕੀ ਹਿੰਦੂ ਕੌਮ ਨੇ ਅਪਨੇ ਐਸੇ ਅਦੁਤੀ ਜਾਨ ਵਾਰਨ ਵਾਲੇ ਦੇਸ ਰਖਕ ਦਾ ਕੁਛ ਕਦਰ ਕੀਤਾ ? ਹਾਇ ਸ਼ੋਕ ਕੁਛ ਨਹੀਂ, ਅਜੇਹੀ ਕ੍ਰਿਤਘਨਤਾ !

ਕਿਲੇ ਜਮ੍ਰੋਦ ਦੇ ਖੂਹ ਦਾ ਹਾਲ ਤੇ ਬਨਾਵਟ. (੫੩)

ਬਨਾਵਟ ਇਸ ਕਿਲੇ ਦੀ ਮਾਮੂਲੀ ਮਜ਼ਬੂਤ ਹੈ । ਇਸ ਦੇ ਵਿੱਚ ਇਕ ਬੜਾ ਚੌੜਾ ਖੂਹ ਏਨ੍ਹਾਂ ਹੀ ਪਠਾਨਾਂ ਤੋਂ ਪੁਟਵਾ ਕੇ ਬਨਵਾਯਾ ਸੀ, ਏਹ ਖੂਹ ਬੜਾ ਚੌੜਾ ਹੈ ਤੇ ਡੂੰਘਾ ਇਤਨਾ ਹੈ ਕਿ ਇਸ ਵਿੱਚ ੨੪੨ ਫੁਟ ਰੱਸਾ ਜਾਵੇ ਤਾਂ ਪਾਣੀ ਆਉਂਦਾ ਹੈ, ਅਤੇ ਦੋ ਬੜੇ ਤਕੜੇ ਬਲਦ ਮਸਾਂ ਚਰਸਾ ਖਿਚ ਸਕਦੇ ਹਨ । ਇਸ ਖੂਹ ਵਿੱਚ ਗਾਰਾ ਚੂਨਾ ਵਗੈਰਾ ਕਿਧਰੇ ਨਹੀਂ ਬਲਕਿ ਪਹਾੜੀ ਪਥਰੀਲੀ ਜ਼ਮੀਨ ਵਿੱਚ ਹੋਨ ਦੇ ਸਬਬ ਅਜੇ ਤਕ ਕਾਇਮ ਹੈ, ਤੇ ਕਿਲੇ ਵਾਸੀਆਂ ਨੂੰ ਸੁਖ ਦੇਂਦਾ ਹੈ, ਇਸ ਖੂਹ ਦੀ ਬਨਾਵਟ ਤੇ ਖਾਸ ਅਕਲ ਨੇ ਕੰਮ ਕੀਤਾ ਹੋਯਾ ਹੈ। ਕਿਉਂਕਿ ਇਸ ਤੋਂ ਅਧ ਮੀਲ ਦੇ ਉਰੇ ਮੈਦਾਨ ਵਿੱਚ ਇਕ ਠੇਕੇਦਾਰ ਅਜ ਕਲ ਦੇ ਵਲੈਤੀ ਸਾਮਾਨ ਦੇ ਹੁੰਦਿਆਂ ਸੰਦਿਆਂ ਵੀ ਖੂਹ ਦਾ ਪਾੜ ਪੁਟ ਪੁੱਟਕੇ ਥੱਕ ਗਿਆ ਪਰ ਪਾਣੀ ਨ ਨਿਕਲਿਆ.

ਇਸ ਕੱਚੇ ਕਿਲੇ ਵਿੱਚ ਇਕ ਜਬਰਜੰਗ ਫ਼ੌਜ ਤੇ ਇਕ ਤੋਪਖਾਨਾ ਸਰਦਾਰ ਮਹਾਂਸਿੰਘ ਦੀ ਕਮਾਨ ਵਿੱਚ ਖੈਬਰੀ ਲੁਟੇ-ਰਿਆਂ ਦੇ ਸਿਰ ਤੇ ਕਿੱਲਾ ਠੋਕਨ ਵਾਸਤੇ ਸਰਦਾਰ ਜੀ ਨੇ ਰਖਿਆ.

ਪਾਠਕ ਸੂਛ ਮਨ ਨਾਲ ਮੁਕਾਬਲਾ ਕਰਕੇ ਦੇਖਨ ਕਿ ਸਰਦਾਰ ਹਰੀਸਿੰਘ ਕੈਸਾ ਅਦੁਤੀ ਸੂਰਬੀਰ ਸੀ, ਯਾਂ ਕਿ ਓਹ ਰਾਜਪੂਤ ਰਾਜੇ ਕਿ ਜਿਨ੍ਹਾਂ ਨੂੰ ਕਿ ਅੱਜ ਕੱਲ ਸਿਰ ਫ਼ਰੋਸ਼ ਆਦਿਕ ਦੇ ਵੱਡੇ ੨ ਨਾਓ ਨਾਲ ਜੋੜਕੇ ਤਵਾਰੀਖਾਂ ਵਿੱਚ ਕਾਗਜ਼ੀ ਸੂਰਮਾ ਬਨਾਉਨ ਦਾ ਯਤਨ ਕੀਤਾ ਜਾਂਦਾ ਹੈ, ਅਕਾਲ ਪੁਰਖ ਤਅਸੱਬੀਆਂ ਦੇ ਮਨਾਂ ਦੇ ਸ਼ੀਸ਼ਿਆਂ ਨੂੰ ਸੁਧ ਕਰੇ। ਤਾਂ ਕਿ ਏਨ੍ਹਾਂ ਵਿੱਚ ਸਚਾਈ ਦਾ ਝਲਕਾ

ਪਵੇ, ਤੇ ਏਹ ਸ੍ਰੀ ਗੁਰੂਗੋਬਿੰਦਸਿੰਘਜੀ ਮਹਾਰਾਜਦੇ ਸਰਬੋਪਰੀ ਸਰਬ ਹਿਤਕਾਰੀ ਅੰਮ੍ਰਿਤ ਦੀ ਸਚੀ ਸ਼ਕਤੀ ਨੂੰ ਸਮਝਕੇ ਇਸਤੋਂ ਲਾਭ ਉਠਾਉਣ.

ਇਕ ਸੁੰਦਰ ਹਿੰਦੂ ਇਸਤ੍ਰੀ ਨੂੰ ਪਠਾਨਾਂ ਨੇ ਧਿੰਗੋ ਜ਼ੋਰੀ ਲੈਜਾਨਾ ਤੇ ਸਃ ਜੀਦਾ ਛੁੜਾਨਾ ਤੇ ਮਿਚਨੀ ਦੇ ਕਿਲੇ ਦੀ ਤਬਾਹੀ. (੫੪)

ਇੱਕ ਦਿਨ ਸਰਦਾਰਜੀ ਸ਼ਿਕਾਰ ਗਏ ਹੋਏ ਸੀ ਤੇ ਰਾਤ ਵੀ ਬਾਹਰ ਹੀ ਰਹਿਨ ਦਾ ਮੌਕਾ ਆ ਗਿਆ, ਤਾਂ ਸੰਝ ਵੇਲੇ ਇੱਕ ਜੁਵਾਨ ਗਭਰੂ ਹਿੰਦੂ ਰੋਂਦਾ ਪਿਟਦਾ ਢਾਹਾਂ ਮਾਰਦਾ ਆਯਾ, ਤੇ ਸਿਪਾਹੀ ਨੂੰ ਕਹਿਨ ਲਗਾ ਕਿ ਵਾਸਤੇ ਗੁਰੂ ਦੇ ਮੈਨੂੰ ਸਰਦਾਰ ਹਰੀਸਿੰਘ ਜੀ ਦੇ ਪਾਸ ਹੁਨੇ ਲੈ ਚਲ, ਮੈਂ ਦੂਰੋਂ ਆਸਰਾ ਤਕ ਕੇ ਆਯਾ ਹਾਂ.

ਇਸਦੀ ਐਸੀ ਘਿਘੱਯਾ ੨, ਕੇ ਬੇਨਤੀ ਕਰਨ ਨੇ ਪਹਿਰੇ ਦਾਰ ਸਿੰਘ ਦਾ ਮਨ ਪ੍ਰੇਰਿਆ,ਸੋ ਉਸਨੇ ਇੱਕ ਹੋਰ ਸਿਪਾਹੀ ਨੂੰ ਉਸ ਅਨਾਥ ਲਾਲਾ ਨਾਲ ਦੇਕੇ ਉਸਨੂੰ ਰਹਿਰਾਸ ਦੇ ਦੀਵਾਨ ਵੱਲ ਭੇਜ ਦਿੱਤਾ, ਤੇ ਆਪ ਆਪਨੀ ਪਿਕਟ ਤੇ ਹਾਜ਼ਰ ਰਿਹਾ. ਜਾਨ ਤੋਂ ਪਹਿਲੇ ਉਸ ਲਾਲਾ ਦੀ ਤਲਾਸ਼ੀ ਲਈ ਗਈ ਤਾਕਿ ਜਾਸੂਸ ਹੀ ਨ ਹੋਵੇ.

ਦੀਵਾਨ ਵਿੱਚ ਪਹੁੰਚਕੇ ਉਸ ਅਨਾਥ ਹਿੰਦੂ ਨੇ ਇਸਤਰਾਂ ਰੋਂਣਾ ਪਿਟਨਾ ਸ਼ੁਰੂ ਕੀਤਾ "ਪਰਮਉਪਕਾਰੀ, ਦਯਾਵਾਨ ਦੇਸ਼ ਰੱਖਛਕ ਪਿਤਾਜੀ ! ਮੇਰਾ ਬਾਬਾ ਇਸ ਸ਼ਹਿਰ ਦਾ ਇੱਕਚੋਂਣਵਾਂ ਧਨਾਢ ਤੇ ਗੇਣਵਾਂ ਮੰਨਿਆ ਪਰ ਮੰਨਿਆ ਆਦਮੀ ਹੈ, ਮੇਰਾ

ਵਿਆਹ ਏਥੋਂ ਪੰਦਰਾਂ ਕੋਹਤੇ ਇੱਕ ਪਿੰਡ ਵਿਚ ਇਕ ਬੜੇ ਘਰਾਨੇ ਦੇ ਸ਼ਾਹੂਕਾਰ ਦੀ ਜੁਵਾਨ ਸੁੰਦ੍ਰ ਕੰਨਿਆ ਨਾਲ ਅੱਜ ਚਾਰ ਦਿਨ ਹੋਏ ਬੜੀ ਧੂਮ ਧਾਮ ਨਾਲ ਹੋਯਾ ਸੀ । ਦਾਜ ਤੇ ਦੂਸਰਾ ਮਾਲ, ਅਸਬਾਬ ਲੈਕੇ ਅਸੀ ਬਹੁਤ ਸਾਰੇ ਜਾਂਞੀ ਆ ਰਹੇ ਸਾਂ, ਕਿ ਰਸਤੇ ਵਿੱਚ ਮਿਚਨੀ (ਏਹ ਕਿਲਾ ਪਿਸ਼ਾਵਰੋਂ ਅੱਠ ਕੋਹ ਹੈ) ਦੇ ਖਾਨ ਨੇ ਸੁਨਿਆ, ਜੋ ਇੱਕ ਹਿੰਦੂ ਨੇ ਇੱਕ ਬੜੀ ਸੁੰਦ੍ਰ ਲੜਕੀ ਨਾਲ ਵਿਆਹ ਕੀਤਾ ਹੈ, ਤੇ ਬਹੁਤ ਸਾਰਾ ਧਨ ਮਾਲ ਲੈਕੇ ਡੋਲਾ ਲਿਆ ਰਹੇ ਹਨ, ਏਹ ਸੁਨਕੇ ਉਸਨੇ ਤੱਤਕਾਲ ਇੱਕ ਘੋੜਚੜੇ ਪਠਾਨ ਨੂੰ ਮੇਰੇ ਪਿਓ ਪਾਸ ਭੇਜਿਆ.

ਉਸ ਸੁਵਾਰ ਨੇ ਆਕੇ ਮੇਰੇ ਲਾਲੇ ਨੂੰ ਕਿਹਾ, ਕਿ ਆਪ ਨਵੀਂ ਵਿਆਹੀ ਔਰਤ ਕੋ ਹਮਾਰੇ ਮਿਚਨੀ ਕੇ ਖਾਨਸਾਹਬ ਕੇ ਹਰਮੋਂ ਮੇਂ ਦਾਖਲ ਕਰਕੇ ਖਾਨਸਾਹਬ ਕੀ ਚਾਹਤੀ ਬੇਗਮ ਬਨਾਓ ! ਸਾਡਾ ਖਾਂਨ ਇਸ ਵਕਤ ਪੰਜ ਹਜ਼ਾਰ ਫੌਜਦਾਮਾਲਕ ਤੇ ਬੜਾ ਸੁੰਦ੍ਰ ਉਘਾ ਸੂਰਬੀਰ ਤੇ ਉਮਰ ਦਾ ਜੁਵਾਨ ਹੈ। ਔਰ ਆਪਤੇ ਆਪ ਦਾ ਪੁਤੱਰ ਤੇ ਹੋਰ ਸਭ ਜਾਂਞੀ ਦੀਨ ਇਸਲਾਮਨੂੰ ਕਬੂਲ ਕਰੋ, ਤਾਂ ਕਿ ਇਹ ਹਿੰਦੂਆਂ ਦੇ ਧਰਮ ਦਾ ਕੱਚਾ ਧਾਗਾ ਤੁਹਾਡੇ ਗਲੋਂ ਲਹਿ ਜਾਵੇ, ਅਤੇ ਤੁਸੀ ਸਾਡੇ ਦੀਨੀ ਭਾਈ ਹੋਕੇ ਵੱਡੇ੨ ਮਰਤਬੇ ਵਜ਼ੀਰੀ ਆਦਿਕ ਦੇ ਲੈਕੇ ਸੁਖਦੀ ਨੀਂਦ੍ਰ ਸਵੋਂ*

ਇਸ ਬਾਤ ਨੂੰ ਸੁਨਦੇ ਹੀ ਮੇਰਾ ਬੁੱਢਾ ਬਾਬਾ ਤਾਂ ਠੰਡਾ ਹਾਹੁਕਾ ਭਰਕੇ ਬੇਹੋਸ਼ ਹੋ ਗਿਆ, ਅਤੇ ਉਸ ਇਕੱਲੇ ਪਠਾਨ

---

* ਇਕ ਸੁਵਾਰ ਦੇ ਐਸੇ ਦਿਲ ਚੀਰਵੇਂ ਵਾਕ ਹਿੰਦੂਆਂ ਦੀ ਜੰਵ ਦੀ ਭਰੀ ਜਮਾਤ ਨੂੰ ਨਿਧੜਕ ਕਹਿਦੇਨੇ,ਪਠਾਨਾਂ ਦਾ ਲਮਤੇ ਹਿੰਦੂਆਂ ਦੀ ਨਿਰਬੱਲਤਾਦਾ ਇੱਕਸਰਸਰੀਨਮੂੰਨਾਹੈ!

ਨੇ ਮੇਰੀ ਵਹੁਟੀ ਨੂੰ ਝਟਕਾ ਦੇਕੇ ਡੋਲੀ ਵਿਚੋਂ ਬਾਹੋ ਫੜਕੇ ਖਿੱਚ ਲਿਆ, ਤੇ ਘੋੜੇ ਤੇ ਸੁਟ ਲਿਆ, ਅਤੇ ਜੋਕਨ ਬਘਿਆੜ ਮੇਮਨੇ ਨੂੰ ਮੂੰਹ ਵਿੱਚ ਦਬਕੇ ਭੱਜ ਜਾਂਦਾਹੈ, ਘੋੜਾਭਜਾਗਿਆ!! ਅਸੀਂ ਵਿਚਾਰੇ ਸੱਠ ਸੱਤ੍ਰ ਜਾਂਞੀ ਇਸ ਨਿਜ ਹੋਨੇ ਦੁਖ ਨੂੰ ਦੇਖਦੇ ਹੀ ਰਹਿ ਗਏ, ਸਾਡੇ ਰੋਣ ਪਿੱਟਨਦਾ ਕੁਛ ਅਸਰ ਨ ਹੋਯਾ !!!

ਮੇਰੀ ਵਹੁਟੀ ਰੋਂਦੀ ਚੀਕਦੀ ਸਿਰ ਖੋਂਹਦੀ ਬਿਲਬਿਲਾ-ਉਂਦੀ ਨੂੰ ਉਸ ਬੇ ਤਰਸ ਪਠਾਨ ਨੇ ਧਿੰਗੋਜ਼ੋਰੀ ਦੱਬਕਾ ਦੇਕੇ ਡਰਾਯਾ, ਤੇ ਘੋੜਾ ਸਿਰਤੋੜ ਭਜਾਕੇ ਆਪਨੇ ਖਾਨਸਾਹਿਬ ਪਾਸ ਜਾ ਪਹੁੰਚਾ.

ਇਸਦੇ ਪਿਛੇ ੨ ਹੀ ਅਸੀ ਸਬੇ ਜਾਂਞੀ ਆਪਨੇ ਬਾਬੇ ਲਾਲਾ ਜੀ ਨੂੰ ਉਸੇ ਡੋਲੀ ਵਿੱਚ (ਵਹੁਟੀ ਦੀ ਥਾਂ) ਪਾਕੇ ਚਲੇ ਆਏ, ਤੇ ਖਾਨ ਪਾਸ ਰੋ ਰੋ ਕੇ ਫਰਿਆਦ ਪੁਕਾਰ ਆ ਪਾਈ.

ਖਾਨ ਮੇਰੀ ਵਹੁਟੀ ਦੀ ਅਸਚਰਜ ਸੁੰਦ੍ਰਤਾ ਦੇਖਕੇ ਲਾਟੂ ਵਾਂਗੂ ਲਟਬਾਉਰਾ ਹੋਗਿਆ ਸੀ, ਤੇ ਇੱਕੋ ਕਹਿਣ ਲੱਗਾ ਕਿ ਹੋਯਾ ਕੀ ? ਕਿ ਇੱਕ ਅਯੜ ਵਿਚੋਂ ਜੇ ਬਾਦਸ਼ਾਹਨੇ ਇੱਕ ਭੇਡ ਫੜ ਲਈ, ਕੀ ਤੁਹਾਡਾ ਅਯੜ ਘੱਟ ਗਿਆ ਹੈ ? ਮੈਂ ਇਸਨੂੰ ਵੱਢ ਤਾਂ ਨਹੀਂ ਸੁਟਿਆ ! ਸਗੋਂ ਹਰਮਾਂ ਵਿੱਚ ਬੇਗਮ ਬਨਾ ਕੇ ਰਖਾਂਗਾ ! ਅਤੇ ਪਰਸੋਂ ਜੁਮੇ (ਸ਼ੁਕ੍ਰਵਾਰ) ਵਾਲੇ ਦਿਨ ਮੁੱਲਾਂ ਨੂੰ ਮਸੀਤ ਵਿਚ ਸਦਕੇ ਆਪਨੀ ਪਾਕ ਸ਼ਰਾ ਨਾਲ ਇਸ ਨਾਲ ਨਿਕਾਹ ਕਰਾਂਗਾ ! ਮੈਂ ਐਵੇਂ ਹਰਾਮਕਾਰੀ ਨਹੀਂ ਕਰਨੀ* । ਅਤੇ ਤੈਨੂੰ ਵੀ ਹੁਨ ਦੀਨ ਇਸਲਾਮ ਵਿੱਚ ਲਿਆਕੇ

*ਕੈਸਾ ਅਨੋਖਾ ਜੁਵਾਬ ਹੈ ਪਰਾਈ ਇਸਤ੍ਰੀ ਧਿੰਗੋਜ਼ੋਰੀ ਖੋਹਣੀ, ਤੇ ਫੇਰ ਹਰਾਮਕਾਰੀ ਤੋਂ ਇਨਕਾਰ.

ਸਦਾ ਦਾ ਦੁਖ ਤੇ ਏਥੋਂ ਦੀ ਅਮੀਰੀ ਦੇਵਾਂਗਾ.

ਮੈਂ ਏਹ ਬਾਤ ਸੁਨਕੇ ਹੱਕਾਬੱਕਾ ਰਹਿ ਗਿਆ ਤੇ ਡੱਕੋ ਰੱਕਾ ਹੋਕੇ ਬੋਲਿਆ, ਖਾਂਨ ਜੀ ਆਪ ਨੂੰ ਕੁਛ ਪਰਵਾਹ ਨਹੀਂ ਏਹ ਆਪਦੀ ਬੇਗਮਾਂ ਦੀ ਪਾਖਾਕ (ਪੈਰਾਂ ਦੀ ਧੂੜ) ਜੈਸੀ ਭੀ ਨਹੀਂ ਹੈ, ਆਪ ਬੜੇ ਪੁਰਖਾਰਥੀ! ਦਿਆਲੂ! ਤੇ ਬਹਾਦਰ! ਅਰ ਮਤੱਕੀ! ਹੋ, ਆਪ ਇਸਨੂੰ ਛੱਡ ਦੇਵੋ, ਮੈਂ ਆਪਦਾ ਉਮਰ ਭਰ ਅਹਿਸਾਨ ਨ ਭੁਲਾਂਗਾ, ਅਤੇ ਇਸਦੇ ਤੋਲ ਜਿਤਨੀ ਚਾਂਦੀ ਆਪ ਨੂੰ ਦੇਂਦਾ ਹਾਂ, ਜਿਸਦੀ ਆਪਨੇ ਪਰਸੋਂ ਜੁਮੇ ਨੂੰ ਈਦਵਾਲੇ ਦਿਨ ਆਪਨੀ ਫ਼ੌਜ ਨੂੰ ਜ਼ਰਦੇ ਪਕਾਕੇ ਮਿਹਮਾਨੀ ਦੇ ਦੇਣੀ ਬਾਦਸ਼ਾਹਾਂ ਦਾ ਕੰਮ ਪਰਜਾ ਤੇ ਕ੍ਰਿਪਾ ਕਰਨੀ ਹੈ.

ਇਸ ਬਾਤ ਨੂੰ ਸੁਣਕੇ ਉਸ ਜ਼ਾਲਮ ਖਾਂਨ ਨੂੰ ਰੋਹ ਚੜ੍ਹ ਆਯਾ, ਤੇ ਸਾਨੂੰ ਦੌਲਤਮੰਦ ਸਮਝਕੇ ਫੌਜ ਨੂੰ ਲੁੱਟਨ ਦਾ ਹੁਕਮ ਦੇ ਦਿੱਤਾ। ਬਸ ਫੇਰ ਕੀ ਸੀ ਇੱਕ ਅੱਖ ਦੇ ਫੋਰ ਵਿੱਚ ਸਾਡਾ ਸਬ ਮਾਲ ਅਸਬਾਬ ਖੋਹ ਲਿਆ, ਤੇ ਚੰਗੇ ਕਪੜੇ ਲਾਹਕੇ ਨੰਗੇ ਕਰਕੇ ਚਿੜੀ ਦਾ ਬੋਟ ਬਨਾ ਦਿੱਤਾ, ਕਈ ਬੁੱਢੇ ਤਾਂ ਪਾਲਾ ਨ ਸਹਾਰ ਸਕੇ, ਤੇ ਉਸੇ ਰਾਤੀ ਹੀ ਪੰਜਾਂ ਤੱਤਾਂ ਦੇ ਪੁਤਲੇ ਤੋਂ ਵਿਜੋਗਕਰ ਗਏ, ਤੇ ਬਾਕੀ ਦੇ ਰਹਿੰਦੇ ਖੂੰਹਦੇ ਉਸ ਜ਼ਾਲਮ ਦੇ ਪੰਜੇ ਵਿਚੋਂ ਬਚਨ ਦੇ ਉਪਾਵ ਸੋਚਣ ਲਗੇ, ਕਿਉਂਕਿ ਦਿਨੇ ਉਨ੍ਹਾਂ ਦੇ ਕਤਲ ਹੋਨ ਦਾ ਹੁਕਮ ਤਾਂ ਮਿਲ ਹੀ ਚੁਕਾ ਸੀ.

ਨੇਤ ਰਬ ਦੀ ਇੱਕ ਬੁੱਢੇ ਆਦਮੀ ਨੇ ਆਪਨੀ ਡਾਂਗ ਵਿੱਚ ਪੰਜ ਸੌ ਮੋਹਰ ਖਾਮੀ ਕੀਤੀ ਹੋਈ ਸੀ, ਜਿਸਨੂੰ ਪਠਾਨਾਂ ਨੇ ਡਾਂਗ ਸਮਝਕੇ ਨ ਖੋਹਿਆ, ਸੋ ਅਸਾਂ ਗਰੀਬ ਅਨਾਥਾਂਨੇ ਮੰਤ੍ਰੀ ਨੂੰ ਓਹ ਪੰਜ ਸੌ ਮੁਹਰ ਦੇਕੇ ਜਾਨ ਛੁਡਾਕੇ ਖਲਾਸੀ ਪਾਈ, ਏਹ ਸਾਡੀ ਦੀਨ ਦਸ਼ਾਹੈ, ਅਜੇ ਅਸਾਂ ਸੁਵੇਰ ਦਾ ਪਾਨੀ ਵੀ ਨਹੀਂ ਪੀਤਾ.

ਓਸ ਮੰਤ੍ਰੀ ਨੇ ਵੀ ਮੋਹਰਾਂ ਲੈਕੇ ਖਾਨ ਦੀ ਨੌਕਰੀ ਨੂੰ ਓਸੇ ਵੇਲੇ ਹੀ ਖੈਰਬਾਦ ਕਹਿ ਦਿੱਤਾ, ਤੇ ਭੇਸ ਵਟਾਕੇ ਓਨ੍ਹਾਂ ਅਨਾਥ ਹਿੰਦੂਆਂ ਦੇ ਪਿਛੇ ਆ ਗਿਆ, ਤਾਂ ਕਿ ਦੇਖੇ ਕਿ ਓਹਕੀ ਕਰਦੇ ਹਨ, ਕਿਧਰੇ ਸਰਦਾਰ ਹਰੀਸਿੰਘ ਦੇ ਪਾਸ ਤਾਂ ਨਹੀਂ ਫਰਿ-ਆਦੀ ਜਾ ਹੁੰਦੇ ? ਹੁਨ ਓਹ ਦੀਨ ਹਿੰਦੂ ਜਦ ਆਪਨੀ ਉਤੇ ਲਿਖੀ ਦੁਖ ਭਰੀ ਵਾਰਤਾ ਠੰਡੇ ਹਾਹੁਕੇ ਭਰਕੇ, ਅਥਰੂਆਂ ਦੀ ਸ਼ਾਹੀ ਤੇ ਗਮਾਂ ਦੇ ਹਟਕੋਰਿਆਂ ਦੀ ਜੀਭ ਨਾਲ ਦਸ ਰਿਹਾ ਸੀ, ਤਾਂ ਓਹ ਮੰਤ੍ਰੀ ਪਠਾਨਵੀ ਭੇਸ ਵਟਾਈ ਜਾਸੂਸ ਬਨਿਆ ਹੋਯਾ ਸਬ ਕੁਛ ਦੇਖਦਾ ਸੀ, ਜਦ ਅਰਦਾਸਾ ਹੋ ਚੁਕਾ ਤਾਂ ਸਰਦਾਰ ਜੀ ਨੇ ਉਸਨੂੰ ਪਾਸ ਸਦਕੇ ਧਮਕਾਯਾ, ਕਿ ਸੱਚ ੨ ਦਸ ਕਿ ਠੀਕ ੨ ਕੀ ਵਾਰਤਾ ਹੈ ? ਓਹ ਖਾਨ ਤਾਂ ਬੜਾ ਪਰਹੇਜ਼ਗਾਰ ਤੇ ਮੁੱਤਕੀ ਹੈਂ, ਏਹ ਸੁਣਕੇ ਉਸ ਅਨਾਥ ਹਿੰਦੂ ਨੇ ਸੁਗੰਧ ਖਾਕੇ ਫਿਰ ਓਹੋ ਦਿਲ ਚੀਰਵੀਂ ਬਾਤ ਸੁਨਾਈ । ਹੁਨ ਸਰਦਾਰ ਜੀ ਨੂੰ ਇਸ ਬਾਤ ਦਾ ਯਕੀਨ ਤਾਂ ਆ ਗਿਆ, ਪਰ ਆਪਨੀ ਅਦੁੱਤੀ ਤੀਖਛਣ ਰਾਜ ਬੁੱਧੀ ਕਰਕੇ ਫੌਰਨ ਉਸ ਨੂੰ ਜ਼ੋਰ ਨਾਲ ਧਮਕਾ ਕੇ ਕਿਹਾ, ਕਿ ਨਿਕਲ ਜਾਹ ਅਸੀ ਕਿਸਤ੍ਰਾਂ ਤੇਰੇ ਕਹਿਨ ਤੇ ਜਿਸਦੀ ਕੋਈ ਵੀ ਗੁਵਾਹੀ ਨਹੀਂ ਹੈ, ਇੱਕ ਜ਼ਨਾਨੀ ਵਾਸਤੇ ਐਡੇ ਬੜੇ ਪੰਜ ਹਜ਼ਾਰੀ ਜੋਧੇ ਖਾਨ ਨਾਲ ਵੈਰ ਪਾ ਲਈਏ.

ਏਹ ਸਬ ਹਾਲ ਉਸ ਪਠਾਨ ਮੰਤ੍ਰੀ ਨੇ ਜੋ ਭੇਸ ਵਟਾਕੇ ਉਸ ਦੀਵਾਨ ਦੇ ਵਿੱਚ ਆਯਾ ਹੋਯਾ ਸੀ ਸੁਨਿਆ, ਅਰ ਦਿਲੋਂ ਬੜਾ ਖੁਸ਼ ਹੋਯਾ ਕਿ ਸ਼ੁਕ੍ਰ ਹੈ ਜੋ ਸਾਡਾ ਖਾਨ ਇਤਨਾ ਬਲੀ ਹੈ ਜੋ ਇਸਦਾ ਡਰ ਸਰਦਾਰ ਹਰੀਸਿੰਘ ਜੈਸੇ ਬਹਾਦਰ ਵੀ ਮੰਨਦੇ ਹਨ।ਸੋਓਹ ਪਠਾਨਰਾਜਨੀਤ ਤੋਂ ਆਗਿਆਤਏਹਬਾਤਕੇਸੁਣਕੇ

ਉਸੇ ਵੇਲੇ ਡੇਰੇ ਜਾਕੇ ਆਰਾਮ ਦੀ ਨੀਂਦ੍ਰੇ ਆਸੁਤਾ, ਅਤੇ ਸੋਚਾਂ ਸੋਚਦਾ ਰਿਹਾ ਕਿ ਦਿਨ ਚੜ੍ਹੇ ਏਹ ਸਬ ਹਾਲ ਖਾਨ ਨੂੰ ਜਾਕੇ ਸੁਨਾਵਾਂਗਾ, ਤਾਂ ਬਹੁਤ ਸਾਰਾ ਇਨਾਮ ਮਿਲੇਗਾ, ਏਧਰ ਸਰਦਾਰ ਹਰੀਸਿੰਘ ਜੀ ਨੇ ਕੁਮੇਦਾਨ ਸ: ਮਹਾਂਸਿੰਘ ਜੀ ਨੂੰ ਸਦਕੇ ਸਾਰੇ ਦੇ ਸਾਰੇ ਸੁਵਾਰਾਂ ਦੀ ਤਿਆਰੀ ਦਾ ਹੁਕਮ ਦੇ ਦਿੱਤਾ (ਏਹ ਸ਼ਿਕਾਰ ਪਾਰਟੀ ਸੌ ਸੁਵਾਰ ਦੀ ਸੀ ਸੋ ਜਿਨੇ ਸੀ ਸਬ ਤਿਆਰ ਹੋਗਏ) ਕਿ ਪ੍ਰਸ਼ਾਦਿ ਜਲਦੀ ਛਕਲੋ ਹੁਨੇ ਤਿਆਰੀ ਹੈ, ਸੁਵੇਰ ਦਾ ਪ੍ਰਸ਼ਾਦਿ ਏਥੇ ਹੀ ਆ ਛਕਾਂਗੇ.

ਹੁਕਮ ਪਾਉਂਦਿਆਂ ਹੀ ਸਿੰਘਾਂ ਦੇ ਮੂੰਹ ਤੇ ਬੀਰ ਰਸ ਦੀ ਲਾਲੀ ਚਮਕੀ, ਅਰ ਸਬ ਜਲਦੀ ੨ ਪ੍ਰਸ਼ਾਦਿ ਛਕਕੇ ਤਿਆਰ ਹੋ ਗਏ, ਅਤੇ ਹੱਲੇ ਦਾ ਅਰਦਾਸਾ ਸੋਧਨ ਵਾਸਤੇ ਦੀਵਾਨ ਵਿੱਚ ਨਿਮ੍ਰਭਾਵ ਹੋਕੇ ਆਨਕੇ ਇਕੱਠੇ ਹੋ ਗਏ.

ਸਰਦਾਰ ਜੀ ਨੇ ਆਪ ਅਰਦਾਸਾ ਸੋਧਿਆ, ਤੇ ਕਮਰ ਕਸਾ ਕੀਤੇ ਹੋਏ ਸੰਜੋਪਹਿਨੀ, ਰਾਮਜੰਗਾ ਤੇ ਬਰਛਾ ਹਥ ਵਿੱਚ ਲਈ ਸਬ ਤੋਂ ਅੱਗੇ ਮੋਹਰੀ ਹੋਕੇ ਮਿਚਨੀ ਦੀ ਮੂੰਹਧਰ ਦਿੱਤੀ, ਪਿਛਲੀ ਰਾਤ ਹੀ ਸੀ ਜੋ ਉਸ ਪਿੰਡ ਦੇ ਗਿਰਦ ਇਸ ਇੱਕ ਛੋਟੇ ਜੇਹੇ ਸੌ ਸੁਵਾਰ ਦੇ ਜਥੇ ਨੇ ਪੰਜ ਹਜ਼ਾਰ ਪਠਾਣਾਂ ਨੂੰ ਘੇਰ ਲਿਆ, ਅਤੇ ਖਾਨ ਨੂੰ ਕਹਿ ਭੇਜਿਆ ਕਿ ਇਸ ਗਰੀਬ ਅਨਾਥ ਹਿੰਦੂ ਦੀ ਇਸਤ੍ਰੀ ਨੂੰ ਵਾਪਸ ਦੇ ਦੇਵੋ, ਕਿਉਂਕਿ ਰਈਅਤ ਉੱਤੇ ਹੱਥ ਉਠਾਉਣਾ ਰਾਜਿਆਂ ਦਾ ਕੰਮ ਨਹੀਂ ਹੈ, ਅਰ ਜੇ ਨਹੀਂ ਤਾਂ ਸਨਮੁਖ ਹੋ ਕੇ ਸ਼ਸਤ੍ਰ ਪਕੜੋ, ਸਰਦਾਰ ਹਰੀ ਸਿੰਘ ਜੀ ਦਾ ਅਚਾਨ ਚਕ ਓਥੇ ਪਹੁੰਚ ਜਾਣਾ ਸੁਨਕੇ ਉਸ ਬਹਾਦਰ ਖਾਂਨ ਦੇ ਹੋਸ਼ ਹਵਾ ਹੋ ਗਏ, ਪਰ ਫਿਰ ਵੀ ਪਠਾਨਪੁਨੇ ਨੂੰ ਵੱਟਾ ਲਗਦਾ ਦੇਖ ਕੇ ਝਟ ਪਟ ਪੰਜ ਸੌ ਸੁਵਾਰ ਇਕੱਠਾ ਕਰਕੇ

ਰਣ ਭੂਮੀ ਵਿੱਚ ਆਯਾ, ਯਥਾ:-

ਸੁਣੀ ਖਾਂਨ ਜਬ ਬਾਤ ਸਰਦਾਰ ਹਰੀਸਿੰਘ ਆ ਗਿਆ
ਕਾਲੀ ਪਾਲੇ ਰਾਤ ਮੰਜ਼ਲ ਮਾਰ ਮੁਕਾ ਲਈ.
ਪਾਇਆ ਘੇਰ ਚੁਫੇਰ ਪਿੰਡ ਅਸਾਡੜੇ.
ਸਿੰਘ ਹਨ ਬੜੇ ਦਲੇਰ ਹਾਰੇ ਕਦੀ ਨਹੀਂ!
ਧੂਹ ਲਈ ਤਲਵਾਰ ਸਾਮਨੇ ਜੰਗ ਵਿੱਚ.
ਕਰਦਾ ਮਾਰੋ ਮਾਰ ਅਪਨੀ ਫੌਜ ਨੂੰ.
ਪਾਹਰੂ ਗਏ ਕਿੱਧ ਮੋਏ ਕਿ ਸੌਂ ਗਏ.
ਕਾਜ ਹੋਯਾ ਨ ਸਿੱਧ ਗਲਾਂ ਉਲਟੀਆਂ.
ਸੂਰੇ ਹੋਏ ਸਨਮੁਖ ਕਾਇਰ ਭੱਜ ਗਏ.
ਵਾਰੇ ਦੁਨੀਆਂ ਸੁਖ ਇਕ ਪਰੋਪਕਾਰ ਨੂੰ.
ਹੋਈ ਬਹੁਤ ਕਟ ਵੱਢ ਨਦਿ ਲਹੂ ਵਹਿ ਟੁਰੀ.
ਪਠਾਨਾਂਵਿੱਤਾ ਪਿੜ ਛੱਡ ਹੌਸਲਾ ਤੋੜਿਆ.
ਵਿਗਾਰਿਆ ਖਾਂਨ ਸਰਦਾਰ ਹਰੀ ਸਿੰਘ ਸੂਰਮਾ.
ਸੁਣੋ ਬਾਤ ਏਹ ਸਾਰ ਸਾਮਣੇ ਨਿੱਤ੍ਰੇ!
ਹੋਵੇ ਕੋਇ ਨ ਖੂੰ ਖਲਕਤ ਰੱਬ ਦੀ.
ਲੜੀਏ ਮੈਂ ਤੇ ਤੂੰ ਗੁੱਮਰ ਸਬ ਕੱਢੀਏ.
ਆਇਆ ਹੋ ਦਲੇਰ ਘੋੜਾ ਛੇੜਕੇ.
ਖੜਾ ਜਿਵੇਂ ਹੋ ਸ਼ੇਰ ਸਿੰਘ ਨੇ ਆਖਿਆ.
ਦੂਰ ਰਿਹਾ ਤੁਧ ਧਾਮ ਵਾਰ ਸੰਭਾਲ ਲੌ.
ਖਟਿਆ ਤੁਧ ਵਡਨਾਮ ਗਰੀਬਾਂ ਲੁੱਟ ਕੇ.
ਕਰੋ ਤੁਸੀਂ ਕੀ ਯਾਦ ਸਿੰਘ ਵਿੰਗਾਰਿਆ ?
ਕੋਈ ਨ ਸੁਣੇ ਫ਼ਰਯਾਦ ਮੰਦੀ ਆਸ ਦੀ.
ਕਰ ਲੈ ਆਪਨਾ ਵਾਰ ਪਹਿਲੀ ਵਾਰ ਤੂੰ!

ਮੁੜ ਨ ਆਵੇਂ ਸੰਸਾਰ ਮਨੁਖਾ ਜਨਮ ਹੈ.
ਸੁਨ ਏਹ ਬਾਤ ਪਠਾਨ ਬੋਲਿਆ ਕ੍ਰੋਧ ਕਰ.
ਡਿੱਠੇ ਤੁਧ ਖੁਰਗਾਨ ਗਰੀਬ ਕਿਰਾੜ ਨਹੀਂ.
ਮੈਨੂੰ ਜਾਨਨ ਦੇਸ ਮਝਾੜ ਵਾਹਰੂ ਸਭਸ ਦਾ.
ਹਜ਼ਰਤ ਦੱਸੀ ਜਿਵੇਂ ਕਾਰ ਤਿਵੇਂ ਮੈਂ ਕਰਾਂਗਾ.
ਸਦ ਲੈ ਇਕ ਜਵਾਨ ਆਪਨੇ ਨਾਲ ਤੂੰ.
ਦੱਸੇ ਏਹ ਈਮਾਨ ਦੋਇ ਕਾਫ਼ਰ ਇਕ ਮੋਮਨਾ.
ਤੂੰ ਹੈਂ ਇਕ ਸੁਵਾਰ ਦੂਜਾ ਸੱਦ ਲੈ.
ਕਿਹਾ ਮੈਂ ਤੁੱਧ ਪੁਕਾਰ ਭੁੱਲਿਆ ਜਾ ਨਹੀਂ.
ਹੋਸੀ ਧਰਮ ਦਾ ਜੁੱਧ ਮੈਂ ਨਹੀਂ ਹਟਾਂਗਾ.
ਆਯਾ ਬੜਾ ਕ੍ਰੁੱਧਿ ਤਦ ਸਿੰਘ ਆਖਿਆ.
ਹੱਥ ਨ ਤੇਰੇ ਚਾਰ ਲੱਤਾਂ ਅੱਠ ਨਹੀਂ.
ਕੇੜ੍ਹੀ ਬਣੀ ਲਚਾਰ ? ਦੂਜਾ ਸੱਦ ਲਾਂ.
ਅਜਾ ਨ ਮਾਰੇ ਸ਼ੇਰ ਭੁੱਖਾ ਮਰ ਜਾਂਵਦਾ.
ਹੋ ਕੇ ਬੜਾ ਦਲੇਰ ਵਾਰ ਤੂੰ ਕੱਢ ਲੈ.
ਗੱਲ ਗਈ ਏਹ ਚੀਰ ਸੀਨਾ ਖਾਨ ਦਾ.
ਮਨੋਂ ਹੋਯਾ ਦਲਗੀਰ ਪਰ ਮੂੰਹੋਂ ਬੋਲਦਾ.
ਸੁਣੋ ਸਿੰਘ ਸਰਦਾਰ ਤੁਧ ਨ ਕੋਈ ਦੇਖਣਾ.
ਕਰਾਂ ਤੈਨੂੰ ਤਾਰ ਤਾਰ ਪਹਿਲੇ ਵਾਰ ਹੀ.
ਦੂਰ ਰਹੀ ਕੰਧਾਰ ਜਿਥੇ ਮੈਂ ਜਾਵਨਾ.
ਤੈਨੂੰ ਦੱਸਾਂ ਵਿਚਾਰ ਪਹਿਲਾ ਵਾਰ ਕਰਨ ਨੂੰ.
ਰਹੇਂ ਨ ਪੱਛੋਤਾ ਮੁੜ ਤੇਰੇ ਮਨੇ ਤੇ.
ਸੰਭਾਲ ਵਾਰ ਹੁਨ ਆ ਦੂਨੋਂ ਆਇਓ.
ਕਿਹਾ ਸਿੰਘ ਤਦ ਸ਼ੇਰ ਦਲੇਰੀ ਦਿੱਤੀਆ.

ਅਜੇ ਵੀ ਭੁੱਲੇ ਥੇਰ ਦੁਕ ਦੁਪਾਤੜਾ.
ਕਰ ਅੱਲਾ ਨੂੰ ਯਾਦ ਪਾਪਾਂ ਬਖਸ਼ਦੇ.
ਆ ਫੇਰ ਚਖ ਸੁਆਦ ਤੇਗ਼ ਦੁਧਾਰ ਦਾ.
ਪਰ ਮੈਂ ਆਖਾਂ ਫੇਰ ਪਹਿਲਿ ਵਾਰ ਤੂੰ ਕਰੀਂ.
ਕਿਉਂ ਤੂੰ ਜਾਵੇਂ ਅੰਧੇਰ ਸੂਰਜ ਚਮਕਦੇ.
ਰਹਿੰਦੀ ਖੂੰਦੀ ਸੁੱਕੀ ਗਿੱਲ ਹੋਸ਼ ਵੀ ਉਡ ਗਈ.
ਏਥੋਂ ਮੂਲ ਨ ਹਿੱਲ ਖਾਨ ਨੇ ਆਖਿਆ.
ਸੰਭਾਲ ਪਿਆਰੇਬੀਰ ਵਾਰ ਮੈਂ ਕਰੂੰਗਾ.
ਰੱਖ ਅੱਲਾ ਨੂੰ ਚਿਤ ਖਾਨ ਤਦ ਬੋਲਿਆ.
ਆਯਾ ਘੋੜਾ ਚਮਕ ਤੇਗ਼ ਅਸਫਹਾਨ ਲੈ.
ਅੱਖ ਨ ਦਿੱਤੀ ਝਮਕ ਮਾਰੀ ਸਿੰਘ ਸੀਸ ਤੇ.
ਸਹਾਰੀ ਉਪਰ ਢਾਲ ਸਿੰਘ ਸਰਦਾਰ ਨੇ.
ਕਿਹਾ ਚਾਲ ਸੰਭਾਲ ਗੀਦੀ ਕੰਗਾਲ ਹੈਂ.
ਕਰਲੈ ਦੂਜਾ ਵਾਰ ਸਮਾ ਨਿੜ ਆ ਗਿਆ!
ਯਾਂ ਸਦ ਮਦਦਗਾਰ ਤੈਨੂੰ ਛੁੜਾ ਲਵ.
ਡੁੱਬਾ ਸ਼ਰਮ ਦੇ ਖੂਹ ਸ਼ਰਮਿੰਦਾ ਹੋ ਗਿਆ,
ਕਰਕੇ ਸਿਰਦੀ ਸੂੰਹ ਦੂਜਾ ਵਾਰ ਮਾਰਿਆ.
ਰਖੀ ਸਿੰਘ ਨੇ ਤਾਕ ਸਹੀ ਨਿਜ ਢਾਲਤੇ.
ਰਲਸੇਂ ਹੁਨਵਿੱਚਖਾਕ ਤੀਜਾ ਵੇਰ ਲੈ.
ਸੁਣ ਏਹਸਿੰਘਦੀਬਾਤ ਪਠਾਨ ਬਹੁ ਮੌਲਿਆ.
ਤਕ ਕੇ ਪਕਾ ਘ੍ਾਤ ਤੀਜੋ ਜੜੀ ਨਿਸ਼ਾਨ ਤੇ.
ਤੋੜ ਗਈ ਓਹ ਢਾਲ ਹੱਢ ਵੀ ਖਬਾ ਵਿੰਨ੍ਹਯਾ.
ਕਰ ਅੱਖਾਂ ਬਡ ਲਾਲ ਸਿੰਘ ਉਚਾਰਦਾ.
ਯਥਾ—"ਜਬੈ ਬਾਨ ਲਾਗੇ। ਤਬੈ ਰੋਸ ਜਾਗੈ".

ਕੀਤੀ ਨ ਪਰਵਾਹ ਜ਼ਖਮ ਦੀ ਪੀੜ ਤੋਂ.
ਚਿੱਤਧਾਰੀ ਬਡਚਾਹ ਸਮੇਂ ਸੁਰੇਤ ਨੇ.
ਆਯਾ ਘੋੜ ਉਛਾਲ ਜੜੀ ਤੇਗ ਬਡ ਜ਼ੋਰ ਸੇ.
ਲਈਉਸਖਾਨਸੰਭਾਲ ਪਰ ਮੂੰਹੋਂ ਬੋਲਦਾ.
ਬਸ ਏਹੋ ਸੀ ਬਾਤ ਨਿਕਲ ਸਬ ਆਈਆ.
ਕਰ ਦੂਜਾ ਤੂੰ ਘਾਤ ਸਮਾ ਬਤੀਤਦਾ.
ਵਾਹਿਗੁਰੂ ਮਨ ਧਾਰ ਮਾਰੀ ਫੇਰ ਪ੍ਰੇਮ ਦੀ.
ਤੋੜਿਆ ਸਿਰਾ ਇਕਵਾਲ ਘੋੜਾ ਵੀ ਤਿਸ ਵਿੱਨ੍ਹਯਾਂ.
ਪਰ ਟੁੱਟੀ ਤਲਵਾਰ ਸਮੇ ਕੁਵੇਲੜੇ.
ਕੱਢੀ ਬਾਂਹ ਉਲਾਰ ਦੂਜੀ ਮਿਆਨ ਤੋਂ.
ਪੈਦਲ ਹੋ ਪਠਾਨ ਸਿੰਘ ਨੂੰ ਆਖਦਾ.
ਤੀਜਾ ਕਰੀਂ ਨਿਸ਼ਾਨ ਘੋੜਾ ਛੋੜਕੇ.
ਘੋੜਿਓਂ ਉਤਰ ਸਰਦਾਰ ਕਰੀ ਤਿਆਰੀਆ.
ਕਰਕੇ ਸਮਾਂ ਵਿਚਾਰ ਮਾਰੀ ਬਾਂਹ ਉਲਾਰਵੀਂ.
ਗਈ ਤਿਸ ਸੋਨੇਪਾਰ ਧਰਾ ਤੇ ਸੁੱਟਿਆ.
ਰੱਬ ਨੂੰ ਨਾਹਿ ਵਿਸਾਰ ਸਾਹ ਅਖੀਰਲਾ.

ਏਸਤਰਾਂ ਜਦ ਉਸ ਪਠਾਨ ਨੇ ਲੜ ਕੇ ਜਾਨ ਦੇ ਦਿਤੀ ਤਾਂ ਫਿਰ ਬਾਕੀ ਦੀ ਖਿੰਡੀ ਹੂੰਡੀ ਫ਼ੌਜ ਨੂੰ ਉਸਦੇ ਪੁਤਰ ਨੇ ਇਕੱਠੀ ਕਰਕੇ ਕਿਲੇ ਦੇ ਵਿੱਚੋਂ ਲੜਾਈ ਸ਼ੁਰੂ ਕੀਤੀ, ਬਥੇਰਾ ਸੰਭਲਿਆ ਪਰ ਪੇਸ਼ ਕੁਛ ਨ ਗਈ, ਤੇ ਲੜਾਈ ਵਿੱਚ ਮਾਰਿਆ ਗਿਆ। ਓਹ ਜਗਾ ਜਿਥੇ ਦਸ ਬਜੇ ਵਿਚਾਰੀ ਗਰੀਬ ਅਨਾਥ ਹਿੰਦੂ ਇਸਤ੍ਰੀ ਨੂੰ ਧਿੰਗੋਜ਼ੋਰੀ ਨਾਲ ਮੁਸਲਮਾਨੀ ਬਨਾਕੇ ਖਾਨਸਾਹਿਬ ਦੀ ਬੇਗਮ ਬਨਾਨੇ ਦੇ ਆਨੰਦ ਵਿੱਚ ਖੁਸ਼ੀ ਦੇ ਫੁਲ ਬਰਸਾ ਰਹੀ ਸੀ, ਹੁਨ ਲਹੂ ਦੀ ਨਦੀ ਵਗਨ ਨਾਲ ਲਾਲ

ਅਥਰੂਆਂ ਵਿੱਚ ਨਿਮੋਂ ਝੂਣੀ ਹੋਈ ੨ ਇਸ ਤਰਾਂ ਪੁਕਾਰ ੨ ਕੇ ਇਸ ਸੰਸਾਰ ਦੀ ਅਨਸਥਿਰਤਾ ਦਸਦੀ ਸੀ:— ਗੁਰਵਾਕ

"ਵੱਡਾ ਤੇਰਾ ਦਰਬਾਰ ਸੱਚਾ ਤੁਧ ਤਖਤ।
ਸਿਰ ਸਾਹਾ ਪਾਤਸਾਹ ਨਿਹਚਲ ਚਉਰ ਛਤ।
ਜੋ ਭਾਵੈ ਪਾਰਬ੍ਰਹਮ ਸੋਈ ਸਚੁ ਨਿਆਉ।
ਜੇਭਾਵੈ ਪਾਰਬ੍ਰਹਮ ਨਿਥਾਵੇ ਮਿਲੈ ਥਾਉ।
ਜੋ ਕੀਨੀ ਕਰਤਾਰ ਸਾਈ ਭਲੀ ਗਲ।
ਜਿਨਾਂ ਪਛਾਤਾ ਖਸਮ ਸੇ ਦਰਗਾਹ ਮਲ।
ਸਹੀ ਤੇਰਾ ਫੁਰਮਾਨ ਕਿਨੈਨ ਫੇਰੀਐ।
ਕਾਰਣ ਕਰਣ ਕਰੀਮ ਕੁਦਰਤ ਤੇਰੀਐ"

ਪਾਠਕੋ ਜਰਾ ਸੋਚਦਾ ਮੁਕਾਮ ਹੈ, ਦੇਖੋ ਸਾਡੇ ਪੁਰਾਤਨ ਸਿੰਘਾਂਦੇ ਕੈਸੇ ਅਦਭੁਤ ਕੌਤਕ ਸਨ, ਕਿ ਜਿਨ੍ਹਾਂ ਨਾਲ ਤਵਾਰੀਖਾਂ ਭਰੀਆਂ ਪਈਆਂ ਹਨ। ਯਤਨ ਕਰੋ ਕਿ ਓਹ ਗੁਣ ਤਵਾਰੀਖਾਂ ਦੇ ਸਫੇ ਹੀ ਨ ਦੱਸਨ, ਬਲਕਿ ਜੀਉਂਦੇ ਜਾਗਦੇ ਸੁਰਜੀਤ ਸਿੰਘ ਸਿੰਘਨੀਆਂ ਐਸੇ ਸੁਭਿ ਗੁਣਾਂ ਨਾਲ ਭਰਪੂਰ ਨਜ਼ਰ ਆਵਨ.

ਹਾਇ ਸ਼ੋਕ ਅੱਜਕੱਲ ਦੇ ਕੋਈ ੨ ਨਵੀਨ ਅੰਗ੍ਰੇਜ਼ੀ ਪੜ੍ਹਾਕੂ ਐਸੇ ਸਚੇ ਪਰੋਪਕਾਰੀ ਸਿੰਘਾਂਨੂੰ ਦੁਰਬਚਨਾਂ ਨਾਲ ਯਾਦ ਕਰਦੇ ਹਨ! ਕੀ ਏਹ ਕਿਸੇ ਖਾਸ ਦੀ ਰੱਖਿਆ ਸੀ, ਯਾਂ ਕੇਵਲ ਇਕ ਪਰੋਪਕਾਰ ਸੀ ਤੇ ਆਪਣੀਆਂ ਜਾਨਾਂ ਹੀਲ ੨ ਕੇ ਪਰਜਾ ਨੂੰ ਸੁਖ ਦਾ ਦਿਨ ਦਸਿਆ ਸੀ ? ਹੇ! ਅਕਾਲ ਪੁਰਖ ਜਗਤਗੁਰੋ ਆਪਣੀ ਮੇਹਰ ਕਰੋ ਤੇ ਸਾਨੂੰ ਸ਼ੁਕ੍ਰ, ਬੇਨਤੀ ਤੇ ਕ੍ਰਿਤੱਗਜਤਾ ਦੇ ਸੱਚੇ ਰਸਤੇ ਪਾਓ.

ਇਸ ਲੜਾਈ ਵਿਚ ਬਹੁਤ ਸਾਰੇ ਘੋੜੇ ਆਦਿਕ ਮਾਰੇ ਗਏ, ਅਰ ਮਿਚਨੀ ਦੇ ਖਾਨਦਾ ਜੋ ਧਨ ਮਾਲ ਸੀ ਸੋ ਸਬ

ਸਿੰਘਾਂ ਦੇ ਹਥ ਆਯਾ, ਕਈਆਂ ਪਠਾਨੀਆਂ ਨੂੰ ਜੋ ਰਾਜ਼ੀ ਸਨ ਅੰਮ੍ਰਤ ਛਕਾ ਕੇ ਆਨੰਦ ਪੜ੍ਹਾਕੇ ਸਿੰਘ ਲੈ ਆਏ. ਏਨ੍ਹਾਂ ਵਿਚਾ ਇਕ ਸਿੰਘ ਦੀ ਲੜਕੀ........ ...ਸਿੰਘ ਨਾਮੇ ਸੂਬੇਦਾਰ ਮੇਜਰ, ਸਰਦਾਰ ਬਹਾਦੁਰ ਨਾਲ ਵਿਆਹੀ ਗਈ ਤੇ ਓਹ ਸੰਨ ੧੯੯੩ ਈ: ਤਕ ਸ੍ਰੀ ਅੰਮ੍ਰਿਤਸਰ ਜੀ ਵਿਚ.......ਸਿੰਘ ਜੀ ਬੁੰਗੇ ਦੇ ਪਿੱਛੇ ਰਹਿੰਦੇ ਰਹੇ, ਕੀ ਏਨ੍ਹਾਂ ਗੁਰਵਾਕਾਂ ਤੇ ਓਨਾਂ ਚਲਕੇ ਨਹੀਂ ਦਸ ਦਿਤਾ? ਕਿ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਗੁਰੂ ੧੦. ਹੋਰ "ਜਾਤੀ ਦੈ ਕਿਆ ਹਾਥ ਸਚ ਪਰਖੀਐ" ਮਾਝ ਗੁਰੂ ੧. "ਹਮਰੀ ਜਾਤਿ ਪਾਤਿ ਗੁਰ ਸਤਿ-ਗੁਰ ਹਮ ਵੇਚਿਓ ਸਿਰ ਗੁਰ ਕੇ" ਗੁਰੂ ੪. "ਸਾ ਜਾਤ ਸਾ ਪਤਿ ਹੈ ਜੇਹੇ ਕਰਮ ਕਮਾਇ" ਪ੍ਰਭਾਤੀ ਗੁਰੂ ੧. "ਜਾਂਕੇ ਛੂਟ ਗਯੋ ਭ੍ਰਮ ਉਰਕਾ। ਤਿਹਆਗੇ ਹਿੰਦੂ ਕਿਆ ਤੁਰਕਾ" ਗੁਰੂ ੧੦ ਚਾਰ ਵਰਨ ਇਕ ਵਰਨੁ ਹੋਇ ਸਾਧ ਸੰਗਤ ਮਿਲ ਹੋਏ ਤਰਾਬਾ" "ਘਿਉ ਭਾਂਡਾ ਨ ਵਿਚਾਰੀਐ ਭਗਤਾਂ ਜਾਤ ਸਨਾਤ ਨ ਕਾਈ" ਵਾਰਾਂ ਭਾਈ ਗੁਰਦਾਸ ਜੀ. "ਪੰਥ ਨਵੀਨ ਪ੍ਰਕਾਸ਼ਨ ਕਰਜੋ। ਭੇਦ ਬਰਨ ਜਾਤੀ ਪਰ ਹਰਜੋ। ਚਤੁਰ ਬਰਨ ਇਕ ਦੇਗੁ ਅਹਾਰਾ। ਇਕ ਸਮੇ ਸੰਵਿਹ ਧਰ ਉਰ ਪਜਾਰਾ" ਗੁਰ ਪ੍ਰਤਾਪ ਸੂਰਜਪ੍ਰਕਾਸ਼ ਕੀ ਰਾਸ ੧ ਅਧਯਾਯ੪੪

ਪਿਆਰੇ ਪਾਠਕ ਜੀ! ਸ੍ਰੀ ਦਸਮੇਸ਼ ਜੀ ਦਾ ਅੰਮ੍ਰਿਤ ਸਬ ਵਾਸਤੇ ਸਾਂਝਾ ਹੈ ਸੋ ਸਬ ਤੇ ਵਰਤੋ ਤੇ ਪੰਥ ਬ੍ਰਿਧੀ ਕਰੋ.

ਸਰਦਾਰ ਜੀ ਨੇ ਆਪਣੇ ਮੰਤ੍ਰੀ ਸਰਦਾਰ ਮਹਾਂ ਸਿੰਘ ਦੇ ਨਾਲ ਸਲਾਹ ਕਰਕੇ ਓਥੋਂ ਦੇ ਵਸਨੀਕਾਂ ਨੂੰ ਹੁਕਮ ਦਿਤਾ ਕਿ ਏਹ ਪਿੰਡ ਛਡ ਦੇਵੋ, ਤੇ ਜੋ ਕੁਛ ਮਾਲ ਅਸਬਾਬ ਲੈਣਾ ਹੈ ਲੈ ਲਵੋ, ਅਸੀਂ ਇਸ ਕਿਲੇ ਨੂੰ ਸਾੜ ਦੇਣਾ ਹੈ, ਜਿਸਨੂੰ ਸੁਣਕੇ

ਓਹ ਪਠਾਨ ਆਨੰਦ ਹੋਗਏ, ਕਿਉਂਕਿ ਓਹ ਆਪਣੇ ਜੈਸੀ ਹੀ ਅਨੀਤਿ ਜਾਣਦੇ ਸੇ, ਜੋ ਹਰਇਕ ਨੂੰ ਆਪਣੇ ਮਤ ਵਿਚ ਲੈ ਆਂਦਾ ਯਾ ਵੱਢ ਸੁਟਿਆ, ਪਰ ਏਥੇ ਸਿੰਘ ਸਨ! ਜਾਨ ਵੀ ਛਡ ਦਿਤੀ!! ਤੇ ਮਾਲ ਵੀ ਬਖਸ਼ਦਿਤਾ!!! ਸੋ ਸਭਨਾਂ ਪਠਾਨਾਂ ਨੇ ਰਾਜ਼ੀ ਖੁਸ਼ੀ ਓਹ ਪਿੰਡ ਛਡ ਦਿਤਾ ਤੇ ਜਿੱਥੇ ਕਿੱਥੇ ਥਾਂ ਲੱਭੀ ਚਲੇ ਗਏ, ਉਸ ਵਿਚਾਰੇ ਗਰੀਬ ਨਿਰਾਸ ਹਿੰਦੂ ਦੀ ਬਿਲਬਿਲਾਉਂਦੀ ਇਸਤ੍ਰੀ ਨੂੰ ਜੋ ਉਸ ਵੇਲੇ ਲੂੰ ਲੂੰ ਵਿੱਚੋਂ ਸਰਦਾਰ ਜੀ ਦੀ ਸ਼ੁਕਰ ਗੁਜ਼ਾਰ ਸੀ ਕਿਲੇ ਦੇ ਵਿੱਚੋਂ ਲੈ ਆਂਦਾ, ਅਤੇ ਉਸਦੇ ਪਤੀ ਦੇ ਸਪੁਰਦ ਕਰ ਦਿੱਤਾ, ਜਿਸਨੂੰ ਦੇਖਕੇ ਓਹ ਬੜੀ ਹੀ ਪ੍ਰਸੰਨ ਹੋਈ ਅਤੇ ਨਿਮਰ ਹੋਕੇ ਬੇਨਤੀ ਕਰਨ ਲਗੀ, ਕਿ ਜਿਵੇਂ ਕਿਵੇਂ ਸਾਨੂੰ ਵੀ ਇਸ ਦੁਖ ਤੋਂ ਛੁਡਾ ਕੇ ਆਪਣੀ ਸ਼ਰਨ ਲਾਓ! ਮੈਂ ਆਪਨੂੰ ਧਰਮ ਪਿਤਾ ਜਾਣਕੇ ਸੇਵਾ ਕਰਾਂਗੀ, ਜਿਸ ਤਰਾਂ ਵੀ ਹੋਵੇ ਸਾਨੂੰ ਦੋਹਾਂ ਨੂੰ ਆਪਣੇ ਨਾਲ ਹੀ ਰੱਖੋ.

ਇਸ ਦੇ ਪਿਛੋਂ ਉਸ ਕਿਲੇ ਨੂੰ ਸਾੜਿਆ ਗਿਆ.

ਏਨ੍ਹਾਂ ਪਿੰਡਾਂ ਦੇ ਥੇਹਾਂ ਦੇ ਥੇਹ ਉਸ ਲੜਾਈ ਦਾ ਸਬੂਤ ਅਜੇ ਤਕ ਓਥੇ ਮੌਜੂਦ ਹਨ.

ਏਹ ਬੇਨਤੀ ਸੁਣਕੇ ਸਰਦਾਰ ਜੀ ਨੇ ਗੁਰਮਤਾ ਕੀਤਾ ਤੇ ਉਸਦੇਪਤੀਨੂੰਤੇਓਨੂੰਓਨ੍ਹਾਂਦੋਹਾਂਦੀਇਛਾਨੁਸਾਰਅੰਮ੍ਰਿਤਛਕਾਕੇ ਸਿੰਘ ਸਜਾ ਲਿਆ, ਤੇ ਉਸਦੇ ਪਤੀ ਨੂੰ ਸੈਨਾਂ ਵਿੱਚ ਇਕ ਘੋੜ ਚੜਾ ਬਨਾ ਦਿੱਤਾ, ਜਿਸਨੇ ਕਿ ਅੱਗੇ ਜਮਰੋਦ ਦੇ ਜੰਗ ਵਿੱਚ ਬਹੁਤ ਜਗ੍ਹਾ ਨਾਮ ਖਟਿਆ, ਇਸਦੀ ਸਿੰਘਨੀ ਨੇ ਵੀ ਜਿਸਦਾ ਨਾਮ ਅੰਮ੍ਰਿਤ ਛਕਾਕੇ ਹਰਸਰਨ ਕੌਰ ਰਖਯਾਗਿਆਸੀ ਲੰਗਰ ਆਦਿਕ ਵਿਚ ਬੜੀ ਸੇਵਾ ਕੀਤੀ ਤੇ ਆਪਨੀ ਦੇਹੀ ਨੂੰ ਸਫਲ

ਕੀਤਾ, ਇਸਦੀ ਬਹਾਦਰੀ ਦਾ ਇਕ ਨਮੂੰਨਾ ਅੱਗੇ ਦਸਯਾ ਹੈ.

ਬਾਜ਼ ਗੁਲਖਾਂ ਦੀ ਦਗੇਬਾਜ਼ੀ.(੫੫)

ਇਕ ਅਮੀਰ ਬਾਜ਼ਗੁਲਖਾਂ ਨੇ ਬੇਈਮਾਨੀ ਕਰਕੇ ਸਰਦਾਰ ਜੀ ਨੂੰ ਬੇਨਤੀ ਕਰ ਭੇਜੀ ਕਿ ਅਸੀ ਬੜੇ ਗ਼ਰੀਬ ਹਾਂ ਤੇ ਡਰਦੇ ਆਪ ਦੇ ਪਾਸ ਨਜ਼ਰਾਨਾਂ ਨਹੀਂ ਦੇਣ ਆ ਸਕਦੇ, ਇਸ ਵਾਸਤੇ ਆਪ ਹੀ ਆਕੇ ਨਜ਼ਰਾਨਾਂ ਲੈ ਜਾਵੋ ਪਰ ਏਥੇ ਹੋਰ ਹੀ ਰੰਗ ਨਿਕਲਿਆ. ਇਕ ਕਵੀਸ਼ਰ ਇਸ ਤ੍ਰਾਂ ਲਿਖਦਾ ਹੈ—

ਕਬਿੱਤ—ਚਾਰਸੱਦੇ ਪਿੰਡ ਵਿੱਚ ਬਾਜਗੁੱਲਖਾਂਨ ਇੱਕ ਚਿੱਠੀ ਲਿਖ ਓਸ ਹਰੀਸਿੰਘ ਕੋ ਗੁਜਾਰੀ ਹੈਂ। ਮੇਹਰਬਾਨੀ ਕਰ ਆਕੇ ਦੇਦਿਓ ਦਿਦਾਰ ਮੈਨੂੰ ਆਂਵਣਾ ਇਕੇਲੇ ਮੈਂ ਗਰੀਬ ਬਹੁਤ ਭਾਰੀ ਹੈਂ। ਸੁਣ ਸਰਦਾਰ ਪੰਜੇ ਪਹਿਨ ਹਥਿਆਰ ਝੱਟ ਘੋੜੇ ਉੱਤੇ ਚੜ੍ਹ ਪਹੁੰਚਾ ਮਾਰਕੇ ਉਡਾਰੀ ਹੈਂ। ਸੀਤਾਰਾਮਾਖਾਂਨ ਸਬ ਉੱਠਕੇ ਆ ਖੜੇ ਹੁੰਦੇ ਦਿਲ ਵਿੱਚ ਖੋਟ ਬਾਤ ਕਰਦੇਂਦੇ ਪਿਆਰੀ ਹੈਂ॥ ਪਲੰਘ ਦੇ ਉਤੇ ਹਰੀਸਿੰਘ ਕੋ ਬਠਾਲ ਕਰ ਲਾਗੇ ਲਾਗੇ ਆਪ ਬੈਠ ਜਾਂਣ ਖਾਂਨ ਕੁੱਲ ਜੀ। ਉੱਤੋਂ ਉੱਤੋਂ ਹਾਸੇ ਮਸ਼ਕੂਲੇ ਦੋਆਂ ਕਰਨ ਗੱਲਾਂ ਵਿਚੋਂ ਕਹਿਣ ਕਾਬੂਆਯਾ-ਗਿਆ ਸੁਣੋ ਖੁੱਲ ਜੀ। ਮਜ਼ਹਬ ਗੁਵਾਏ ਦਿੱਤਾਆਂਣਕੇਕਾਫਰ ਏਸ ਏਨੇ ਚਿਰ ਉਠ ਖਾਂਨ ਕਹੇ ਬਾਜ਼ ਗੁੱਲ ਜੀ। ਐਸ ਵੇਲੇ ਹਰੀਸਿੰਘਾ ਕੌਣ ਹੈ ਸਹਾਈ ਤੇਰਾ ਸੀਤਾਰਾਮਾਂ ਕੁੱਟਕੇ ਬਨਾਵਾਂ ਭਾਵੇਂ ਫੁੱਲ ਜੀ॥ ਬਾਜ ਗੁੱਲ ਮੁਖੋਂ ਬਾਤ ਏਤਨੀ ਨਿਕਾਲੀ ਸੀਗੀ ਓਸੇ ਵੇਲੇ ਗੁਸਾ ਆ ਜਾਵੇ ਸਰਦਾਰ ਨੂੰ। ਰੋਸਦੀ ਨ ਹਦ ਰਹੀ ਸੌਂਣ ਦੇ ਬਦਲ ਵਾਂਗੂ ਹੋਕੇ ਰਤੋ ਰੱਤ ਖਿੱਚ ਲੈਂਦਾ ਤਲਵਾਰ ਨੂੰ। ਵੇਖੋ ਬਾਜ ਗੁੱਲਖਾਂਨ ਯੇਹੀ ਹੈ ਸਹਾਈ ਮੇਰਾ

ਮਾਰਕੇ ਭਬੱਕ ਕਹਿੰਦਾ ਰੋਕੋ ਹਥਿਆਰ ਨੂੰ। ਸੀਤਾਰਾਮਾ ਬੋਲ ਕੱਢ ਦੇਂਦਾ ਵਿਚ ਤੰਬਿਆਂ ਦੇ ਉੱਡ ਜਾਂਦੇ ਭੌਰ ਕੌਣ ਛੇੜੇ ਅੰਗਿਆਰ ਨੂੰ॥ ਆਂਨਕੇ ਪਠਾਣ ਪੈਰੀਂ ਡਿਗਦੇਸੀ ਖਾਲਸੇ ਦੇ ਹਾਥ ਜੋੜ ਕਹਿੰਦੇ ਰੱਖੋ ਲੱਜਿਆ ਹਮਾਰੀਹੈ। ਸੁਣੀਂਦਾਸੀਜੇਹਾ ਤੇਹਾ ਦੇਖਾ ਅਜ਼ਮਾਇਕਰ ਕਰੋ ਅਬ ਖਿਮਾ ਸਬ ਰੈਯਤਤੁਮਾਰੀ ਹੈ। ਬੋਲਾ ਸਰਦਾਰ ਜਿਨਾਂ ਚਿਰ ਤਲਵਾਰ ਮੇਰੀ ਭਿੱਜਦੀ ਨ ਇੱਕ ਵਾਰ ਲਹੂ ਵਿਚਕਾਰੀ ਹੈ। ਸੀਤ਼ਾਰਾਮਾਂ ਓਨਾਂ ਚਿਰ ਮਿਟਣਾਂ ਕ੍ਰੋਧ ਨਾਹੀਂ ਦੇਓਕੋਈ ਸੀਸ ਜੇ ਮਿਟਾਂਵਣੀਗੁਬਾਰੀਹੈ.

ਇਸ ਤਰਾਂ ਨਾਲ ਸਰਦਾਰ ਜੀ ਇਕਲਿਆਂ ਹੀ ਬਾਜ਼ ਗੁੱਲ਼ਖਾਂ ਨੂੰ ਉਸਦੇ ਸਹਾਇਕਾਂ ਸਮੇਤ ਜ਼ੇਰ ਕਰਕੇ ਆਪਣੇ ਕਿਲ੍ਹੇ ਵਿੱਚ ਆ ਗਏ,ਪਾਠਕੋ ਏਹ ਸਾਹਸ ਕੈਸਾ ਅਦੁਤੀ ਹੈ.?

ਮੁਹੰਮਦਖਾਂਦੀਲੜਾਈਤੇਨਜ੍ਰਾਨਾਂਲੈਣਾ.੫੬

ਏਥੇ ਆਵਨ ਤੇ ਮੁਹੰਮਦ ਖਾਂ ਦੀਆਂ ਸ਼ਰਾਰਤਾਂ ਦਾ ਪਤਾ ਲੱਗਾ ਤਾਂ ਸਰਦਾਰ ਜੀ ਨੇ ਚੜ੍ਹਾਈ ਕਰ ਦਿੱਤੀ, ਤੇ ਉਸਤੋਂ ਨਜ਼ਰਾਨਾਂ ਵਸੂਲ ਕੀਤਾ, ਪਰ ਉਸਦੇ ਭਾਈ ਜਾਨਖਾਂ ਨੇ ਬੜੀ ਤੂੰ ਤ੍ਰਾਕ ਕੀਤੀ ਅਤੇ ਆਪਨੇ ਭਾਈ ਨੂੰ ਕਾਇਰਤਾ ਦੇ ਤਾਂਨੇ ਮਾਰਕੇ ਲੜਾਈ ਲਈ ਵਿੰਗਾਰਿਆ ਤੇ ਬਹੁਤਸਾਰਾਮੁਲਖੈਯਾ ਵੀ ਨਾਲ ਲਿਆਕੇ ਲੜਾਈ ਮਚਾਈ, ਇਸ ਤਰਾਂ ਲਿਖਾ ਹੈਃ

ਕਬਿੱਤ—ਕਹੇ ਸਰਦਾਰ ਜਾਨਖਾਂਨ ਖਾਂ ਮੁਹੰਮਦੇ ਨੂੰ, ਬੁਰਾ ਕੀਤਾ ਤੈਨੇ ਸਾਡੀ ਇੱਜ਼ਤ ਗਵਾਈ ਹੈ। ਦੇਖ ਮੇਰੇ ਹੱਥ ਘੰਟੇ ਤੀਨ ਮੇਂ ਲਾਹੌਰ ਮਾਰਾਂ ਕਰੀਂ ਬੈਠਾ ਰਾਜ ਮੌਤ ਹਿੰਦੂਆਂ ਦੀ ਆਈ ਹੈ। ਕਰਕੇ ਇਕੱਠ ਦੋਵੇਂ ਸਾਥ ਲੈ ਮੁਲਕ ਸਾਰਾ ਕਰ ਦਿੰਦੇ ਝੱਟ ਹਰੀ ਸਿੰਘ ਤੇ ਚੜ੍ਹਾਈ ਹੈ। ਸੀਤਾਰਾਮਾਂ ਹੋਣਲੱਗਾ

ਪਾਂਡਵਾਂ ਦਾ ਜੁੱਧ ਤੇ ਖੜਕ ਪੈਂਦੀ ਤੇਗ ਹੇਠੋਂ ਧਰਤੀ ਕੰਬਾਈ ਹੈ। ਰਿਹਾ ਸੀਗਾ ਜੰਗ ਦਿਨ ਪੰਦਰਾਂ ਮਦਾਨ ਵਿਚ ਲੱਥ ਜਾਂਦੇ ਪੂਰ ਘੂਰ ਨਿਕਲੇ ਬਨਾਇਕੇ। ਪਹਿਨ ਲਈ ਸੰਜੋ ਹਰੀ ਸਿੰਘ ਬੜੇ ਗੁੱਸੇ ਨਾਲ ਮਾਰਕੇ ਭਬੱਕ ਵਿੱਚ ਵੜ ਜਾਂਦਾ ਧਾਇਕੇ। ਸ਼ੇਰ ਵਾਂਗੂ ਪੇਲ ਨੱਠਾ ਫਿਰੇ ਹੋ ਕੇ ਰੇਲ ਅੱਗੋਂ ਕਰ ਦਿੰਦਾ ਵੇਹਲ ਨਾਲ ਖੰਡੇ ਦੇ ਉਡਾਇਕੇ। ਸੀਤਾ ਰਾਮਾਂ ਜਾਨ ਖਾਂ ਮੁਹੰਮਦ ਜੋ ਖਾਨ ਦੋਸੀ ਕਰਕੇ ਤੇ ਹੱਲਾ ਸੀਸ ਕੱਟਦਿੰਦਾ ਜਾਇ ਕੇ। ਸਿੰਘਾਂ ਚਾੜ੍ਹੀ ਦੱਬ ਪਿਛੋਂ ਛਾਣ ਸੁਟੇ ਗੱਬ ਸੁੱਟੇ ਛੱਲੀ ਵਾਂਗੂ ਚੱਬ ਉਠਨੱਠੇ ਧਾਈਂ ਮਾਰਕੇ। ਘੋੜਚੜ੍ਹੀ ਫੌਜ ਨੇ ਰਸਤੇ ਵਿਚ ਘੇਰ ਲੀਤੇ ਕੱਟ ਦਿਤੇ ਧੜ ਸੀਸ ਨਾਲ ਤਲਵਾਰ ਕੇ। ਜੀਂਵਦੇ ਜੋ ਰਹਿਣ ਕਹਿਣ ਮੋਏ ਮਾਪੇ ਅੱਜ ਸਾਡੇ ਜਾਨ ਖਾਂ ਮੁਹੰਮਦ ਜੋ ਖਾਂਨ ਮੋਏ ਹਾਰਕੇ। ਸੀਤਾਰਾਮਾਂ ਸੁਣ ਕਰ ਬਾਤ ਸ਼ੇਰਖਾਂਨ ਤਾਂਈਂ ਲੱਗ ਜਾਂਦੀ ਅੱਗ ਉਠ ਖੜਾ ਭੁੱਬ ਮਾਰਕੇ.

ਸਰਦਾਰ ਹਰੀ ਸਿੰਘ ਜੀ ਦੇ ਨਾਮ ਦਾ ਡਰ ਬੈਠਨਾ (੫੭)

ਸਬ ਪਠਾਂਨ ਬੱਚੇ ਤੇ ਅਕਸਰ ਪਾਠਕ ਵੀ ਜਾਨਦੇ ਹਨ ਪਰ ਜੇ ਕੋਈ ਸ਼ਕ ਕਰੇ ਤਾਂ ਜਾਕੇ ਦੇਖ ਲਵੇ, ਇੱਕ ਕਵੀਸ਼ਰ ਇਸਤ੍ਰਾਂ ਲਿਖਦਾ ਹੈ:—

ਕਬਿੱਤ—ਜਦੋਂ ਸਰਦਾਰ ਵੜ ਜਾਂਦਾ ਸੀ ਮਦਾਨ ਵਿਚ ਤੰਬਿਆਂ ਮੈਂ ਬੌਲ ਛੁਟਜਾਂਦੇ ਸੀ ਪਠਾਣਾਂ ਦੇ। ਕਈ ਬੰਦੇ ਅੱਗ ਥੀਂ ਡਰਦੇ ਦੰਮ ਦੇਂਵਦੇ ਸੀ ਕਈ ਨੱਸ ਜਾਣ ਪਾਣੀ ਵਾਂਗੂ ਜੋ ਨਿਵਾਣਾਂ ਦੇ। ਬਾਲਿਆਂ ਦੇ ਹੱਥੋਂ ਡਿਗ ਪੈਂਦੇ ਹਥਿਆਰ ਸੀਗੇ ਸੁਕ ਜਾਣ ਲਹੂ ਮੁਖ ਦੇਖ ਕਰ ਬਾਣਾਂ ਦੇ। ਸੀਤਾਰਾਮਾਂ ਤਾਹੀਂ

ਹੁੰਦੀ ਖਬਰ ਜਾਂ ਹਰੀ ਸਿੰਘ ਦਾ ਛੁਟ ਪੈਂਦਾ ਖੰਡਾ ਸੱਟ ਪੈਂਣ ਸੀ ਵਦਾਣਾਂ ਦੇ. ਜ਼ਿਨ੍ਹਾਂ ਜਿਨ੍ਹਾਂ ਬੰਦਿਆਂ ਨੂੰ ਹੱਥ ਲੱਗੇ ਖਾਲਸੇ ਦੇ ਕੈਂਣ ਤੋਬਾ ਤੋਬ ਨਾਮ ਲੈਣਾ ਨਾ ਲੜਾਈ ਦਾ । ਧੰਮਾ ਹਰੀਸਿੰਘ ਦਾ ਸੀ ਪਿਆ ਬਾਘ ਸ਼ੇਰ ਵਾਂਗੂ ਬੱਕਰੇਨੂੰ ਡਰ ਜਿਕੂੰ ਹੋਂਵਦਾ ਕਸਾਈਦਾ। ਛੁਟ ਜਾਂਦੇ ਬੌਲ ਜਦ ਸੂਰਮੇਂਨੂੰ ਦੇਖਲੈਂਦੇ ਸੁਕ ਜਾਂਦੀ ਜਾਨ ਰੰਗ ਉਡਦਾ ਲੁਕਾਈ ਦਾ । ਸੀਤਾ ਰਾਮਾਂ ਕਾਗ ਜਿਵੇਂ ਨੱਸਦਾ ਗੁਲੇਲ ਕੋਲੋਂ ਏਦਾਂ ਹਰੀ ਸਿੰਘ ਡੰਕਾ ਫੇਰਿਆ ਦੁਹਾਈ ਦਾ. ਕਿਸੇ ਜੇ ਪਠਾਣ ਦਾ ਪੁਤਰ ਨਹੀਂ ਚੁਪ ਕਰੇ ਔਂਦਾ ਹਰੀਸਿੰਘ ਕੈਣ ਉਚੀ ਸੇਪੁਕਾਰਕੇ। ਓਸੇਵੇਲੇ ਜਾਨ ਹੱਵਾਹੁੰਦੀ ਉਸ ਬਾਲਕੇ ਦੀ ਲਵੇ ਗਲਘੋਟੂ ਬਾਤਾਂ ਕਰੇ ਹਾਉਕੇ ਮਾਰਕੇ । ਕੁੱਟੇ ਹੋਏ ਸਿੰਘਾਂ ਦੇ ਪਠਾਂਨ ਅਜੇ ਤੀਕ ਯਾਰੋ ਮੂਧੇ ਹੋਕੇ ਸੌਂਦੇ ਭਾਵੇਂ ਦੇਖਲੌਂ ਵਿਚਾਰਕੇ । ਸੀਤਾਰਾਮਾ ਨਾਮ ਸਰਦਾਰ ਦਾ ਅਜਰਾਈਲ ਆਖਦੇ ਪਠਾਂਣ ਦੇਖਾ ਹਮਨੇ ਸੁਧਾਰਕੇ। ਸ਼ੱਕ ਏਸ ਬਾਤ ਦੀ ਜੇ ਕਰੇ ਕੋਈ ਮਨ ਵਿੱਚਆਂਣਕੇ ਬਿਸ਼ੱਕ ਦੇਖ ਲਵੇ ਗੱਲ ਆਂਮਜੀ। ਚਾਰਮੀਲ ਵਿੱਚ ਹੈਨ ਕਬਰਾਂ ਪਠਾਣਾਂ ਦੀਆਂ ਹਰੀਸਿੰਘ ਸੂਰਮੇਜੋਕੀਤੀ ਕਤਲਾਂਮਜੀ। ਇਸਨੇ ਜਾ ਕੀਤਾਏ ਮੁਲਕ ਫਤੇ ਰਾਂਕਸਾਂਦਾ ਕੀਤਾ ਜਿਨਾਂ ਜ਼ੁਲਮ ਸਾਲ ਅਠਸੌ ਤਮਾਮ ਜੀ। ਹੋਰ ਕਿਸੇ ਅਜੇ ਤਾਂਈ ਮੁਲਖ ਏਹ ਨ ਸਰ ਕੀਤਾ ਹਾਰ ਪਿਠ ਦਿੱਤੀ ਹਰ ਬੜੇ ਅਭਿਰਾਮ ਜੀ.

ਸ਼ੇਰਖਾਂ ਜਹਾਦੀ ਸੂਬਾ ਕਾਬਲ ਦੀ ਮੌਤ. (੫੮)

ਸੂਬਾ ਸ਼ੇਰ ਖਾਂ ਭੀ ਬੜੀ ਜਹਾਦੀ ਲੜਾਈ ਕਰਨ ਵਾਸਤੇ ਤਿਆਰ ਸੀ, ਸੋ ਲੜਾਈ ਤਾਂ ਅਠ ਦਿਨ ਹੁੰਦੀ ਰਹੀ ਪਰ ਦੋਵੇਂ

ਪਾਸੇ ਬਲੀ ਹੋਨ ਕਰਕੇ ਫਤਹ ਨ ਹੋਈ,ਇਸ ਵਾਸਤੇ ਸਰਦਾਰ ਜੀ ਆਪ ਇੱਕ ਦਿਨ ਪਠਾਨੀਖਾਂਨ ਦਾ ਭੇਸ ਵਟਾਕੇ ਸੂਬੇ ਸ਼ੇਰਖ਼ਾਂ ਦੇ ਘਰ ਚਲੇ ਗਏ ਤੇ ਇਸ ਤਰਾਂ ਨਾਲ ਵਿੰਗਾਰ ਕੇ ਮਾਰਿਆ. ਇੱਕ ਕਵੀਸ਼ਰ ਇਸਤਰਾਂ ਲਿਖਦਾ ਹੈ:-

ਸੂਬਾ ਸ਼ੇਰਖਾਂਨ ਇੱਕ ਕਾਬਲ ਅਮੀਰ ਦਾ ਸੀ ਅਠ ਰੋਜ ਕਰਦਾ ਓਹ ਰਿਹਾ ਸੀ ਲੜਾਈ ਹੈ। ਲੱਥ ਜਾਂਦੇ ਪੂਰਖੂੰਨਵਗੇ ਦਰਿਆਉ ਵਾਂਗੂ ਫਤੇ ਕਿਸੇ ਧਿਰਦੀ ਨਾ ਹੁੰਦੀ ਇਕਰਾਈ ਹੈ। ਸੋਚੀ ਸਰਦਾਰ ਨਹੀਂ ਮਰਦੇ ਪਠਾਣ ਏਦਾਂ ਐਸੀ ਇੱਕ ਬਾਤ ਵਿੱਚ ਦਿਲ ਦੇ ਬਣਾਈ ਹੈ। ਸੀਤਾਰਾਮਾਂ ਕਪੜੇ ਪਠਾਣਾਂ ਵਾਲੇ ਪਾਇਕਰ ਲੈਕੇ ਅਸਵਾਰ ਚਾਰ ਕਰ ਦਿੰਦਾ ਧਾਈ ਹੈ.

ਕਬਿੱਤ-ਹਰੀਸਿੰਘ ਪਸ਼ਤੋ ਭੀ ਜਾਨਦਾ ਬਿਅੰਤ ਸੀਗਾ ਗਿਆ ਜਾਂ ਅਗੇਰੇ ਅੱਗੋਂ ਰੋਕਦੇ ਪਠਾਂਣ ਜੀ । ਆਇਆ ਤੂੰ ਕਿਥੋਂ ਅੱਗੇ ਜਾਂਣ ਦਾ ਹੁਕਮ ਨਹੀਂ ਕਿਹਾ ਇੱਕ ਨਾਲਦੇ ਨੇ ਨਾਮ ਛੰਡੇ ਖਾਂਨ ਜੀ। ਮਦਦ ਤੁਮਾਰੇ ਅਬ ਸੂਬੇ ਦੀ ਮੈਂ ਲੈਕੇ ਆਵਾਂ ਕਰੋ ਜਾਏ ਓਸਦੇ ਖਬਰ ਤੁਸੀਂ ਕਾਨ ਜੀ। ਸੀਤਾਰਾਮਾ ਓਸ ਵੇਲੇ ਤੁਰਕ ਆਨੰਦ ਹੋਕੇ ਆਂਣ ਸੂਬੇ ਪਾਸ ਖੋਲ ਦਸਦੇ ਬਿਆਨ ਜੀ. ਗਜ਼ਨੀ ਦਾ ਖਾਂਨ ਆਯਾ ਤੁਸਾਂ ਦੀ ਮਦਦ ਲੈਕੇ ਦੇਓ ਜੇ ਹੁਕਮ ਤਾਂ ਲਿਆਵੀਏ ਬੁਲਾਏਕੇ। ਹੁੰਦਾ ਬਾਗੋ ਬਾਗ ਸੂਬਾ ਸੁਣਕੇ ਬਚਨ ਏਨਾਂ ਕਹਿੰਦਾ ਅਬੀ ਓਸ ਨੂੰ ਲਿਆਵੋ ਤੁਮੀ ਜਾਏਕੇ। ਧੰਨ ਭਾਗ ਮੇਰੇ ਘਰ ਬੈਠਿਆਂ ਮਦਦ ਆਈ ਸੁਣਕੇ ਪਠਾਂਣ ਕਹਿਨ ਹਰੀਸਿੰਘ ਨੂੰ ਆਏਕੇ । ਸੀਤਾਰਾਮਾਂ ਚਲੋ ਖਾਂਨਸਾਹਿਬ ਸੂਬਾ ਯਾਦ ਕਰੇ ਲਖ ਲਖ ਕਰਨ ਖੁਸ਼ਾਮਦਾਂ ਬਨਾਏਕੇ. ਤਬ ਹਰੀ ਸਿੰਘ ਲੱਥਾ ਘੋੜਿਓਂ ਸ਼ਿਤਾਬੀ ਨਾਲ ਚਾਰੇ ਅਸਵਾਰ ਓਥੇ ਦਿੰਦਾ ਖਲ੍ਹਿਆਰ ਜੀ। ਆਪ ਦੱਬ ਦੇਕੇ